بسم اللہ الرحمٰن الرحیم

# ਖ਼ੁਲਾਸਾ ਖ਼ੁਤਬਾ ਜੁਮੱਆ 05.09.2014

**ਵੱਲੋਂ : ਨਜ਼ਾਰਤ ਨਸ਼ਰੋ ਇਸ਼ਾਅਤ ਕਾਦੀਆਂ**

## ਜਲਸਾ ਸਾਲਾਨਾ ਯੂ. ਕੇ. ਵਿੱਚ ਈਮਾਨ ਵਿੱਚ ਵਾਧਾ ਕਰਨ ਵਾਲੀਆਂ ਰੱਬ ਦੀਆਂ ਮਿਹਰਾਂ ਤੇ ਬਰਕਤਾਂ ਦਾ ਵਰਨਣ

**ਹਜ਼ਰਤ ਅਮੀਰੁਲ ਮੋਮਿਨੀਨ ਖ਼ਲੀਫ਼ਾਤੁਲ ਮਸੀਹ ਖ਼ਾਮਿਸ ਅਯੱਦਾਹੁੱਲਾਹ ਤਆਲਾ ਬਿ ਨਸਰਿਹਿਲ ਅਜ਼ੀਜ਼ ਦੇ ਜੁੱਮੇ ਦੇ ਖ਼ੁਤਬੇ ਦਾ ਸਾਰ ਜੋ ਆਪ ਜੀ ਨੇ ਮਸਜਿਦ ਬੈਤੁਲ ਫ਼ੁਤੂਹ ਲੰਦਨ ਵਿੱਚ ਮਿਤੀ 05.09.2014 ਨੂੰ ਦਿੱਤਾ ।**

ਤਸ਼ਹੁੱਦ, ਤਊਜ਼, ਤਸਮੀਯਹ ਅਤੇ ਸੂਰਤ ਫ਼ਾਤਿਹਾ ਦੀ ਤਲਾਵਤ ਦੇ ਬਾਦ ਹਜ਼ੂਰ ਅਨਵਰ ਅਯੱਦਾਹੁਲੱਾਹ ਤਆਲਾ ਨੇ ਫ਼ਰਮਾਇਆ :-

ਅਲਹਮਦੁਲਿਲੱਾਹ ! ਬੀਤੇ ਹਫ਼ਤੇ ਯੂ. ਕੇ. ਦਾ ਸਾਲਾਨਾ ਜਲਸਾ ਹੋਇਆ ਅਤੇ ਅਲੱਾਹ ਤਆਲਾ ਦੀ ਅਪਾਰ ਕ੍ਰਿਪਾ ਨਾਲ ਸਫ਼ਲਤਾ ਪੂਰਬਕ ਆਪਣੀਆਂ ਬਰਕਤਾਂ ਨਾਲ ਲਾਭਵੰਤ ਕਰਦਿਆਂ ਹੋਇਆਂ ਰੱਬ ਦੀਆਂ ਮਿਹਰਾਂ ਤੇ ਬਰਕਤਾਂ ਨਾਲ ਸ਼ਾਮਲ ਹੋਣ ਵਾਲੇ ਅਤੇ ਦੁਨੀਆ ਵਿੱਚ ਬੈਠੇ ਹੋਏ ਲੋਕਾਂ ਨੇ ਦੇਖਿਆ ਅਤੇ ਲਾਭ ਉਠਾਇਆ । ਹਰ ਇਕ ਮਿਲਣ ਵਾਲਾ ਤੇ ਅਸੰਖ ਲਿਖੱਣ ਵਾਲੇ ਇਹੋ ਕਹਿੰਦੇ ਹਨ ਕਿ ਅਲੱਾਹ ਤਆਲਾ ਦੀ ਅਪਾਰ ਕ੍ਰਿਪਾ ਨਾਲ ਹਰ ਮਾਮਲੇ ਵਿੱਚ ਇਸ ਵਾਰ ਪ੍ਰਬੰਧ ਵਿੱਚ ਬਹੁਤ ਸੁਧਾਰ ਸੀ । ਭਾਸ਼ਣ ਕਰਤਾਵਾਂ ਦੇ ਭਾਸ਼ਣ ਵੀ ਬਹੁਤ ਚੰਗੇ ਮਿਆਰੀ ਤਿਆਰ ਹੋਏ ਸਨ ਵਿਦਿਅਕ ਤੇ ਰੂਹਾਨੀ ਸਨ ।

ਜਲਸੇ ਤੋਂ ਬਾਦ ਦੇ ਖ਼ੁਤਬੇ ਵਿੱਚ ਮੈਂ ਜਲਸੇ ਵਿੱਚ ਹੋਣ ਵਾਲੀਆਂ ਰੱਬ ਦੀਆਂ ਮਿਹਰਾਂ ਤੇ ਬਰਕਤਾਂ ਦਾ ਵਰਨਣ ਕਰਦਾ ਹਾਂ, ਜੋ ਲੋਕ ਆਏ ਹੁੰਦੇ ਹਨ ਉਹਨਾਂ ਲੋਕਾਂ ਦੇ ਅਨੁਭਵ ਤੇ ਵਿਚਾਰ ਵੀ ਵਰਨਣ ਕਰਦਾ ਹਾਂ ਇਸੇ ਪ੍ਰਕਾਰ ਵਰਕਰਾਂ ਦਾ ਧੰਨਵਾਦ ਵੀ ਕਰਦਾ ਹਾਂ । ਕੁਝ ਪ੍ਰਬੰਧਕ ਗੱਲਾਂ ਜਿੰਨ੍ਹਾ ਵਿੱਚ ਕੁਝ ਘਾਟ ਰਹਿ ਗਈ ਹੋਵੇ ਉਹਨਾਂ ਦਾ ਵਰਨਣ ਕਰਦਾ ਹਾਂ । ਸੋ, ਅੱਜ ਇਹਨਾਂ ਹੀ ਗੱਲਾਂ ਵਿੱਚੋਂ ਕੁਝ ਕਹਾਂਗਾ :

ਜਲਸੇ ਦਾ ਵਾਤਾਵਰਣ ਅਲੱਾਹ ਦੀ ਮਿਹਰ ਨਾਲ ਅਜਿਹਾ ਹੁੰਦਾ ਹੈ ਕਿ ਹਰ ਸੰਜਮ ਮਨੁੱਖ ਉਪੱਰ ਚੰਗਾ ਪ੍ਰਭਾਵ ਪਾਉਂਦਾ ਹੈ । ਕਈ ਲੋਕ ਜੋ ਜਮਾਤ ਨਾਲ ਸੰਬੰਧ ਨਹੀਂ ਰੱਖਦੇ ਜਾਂ ਮੁਸਲਮਾਨ ਨਹੀਂ ਹਨ ਕੇਵਲ ਇਸ ਲਈ ਆਉਂਦੇ ਹਨ ਕਿ ਦੇਖਣ ਉਹਨਾਂ ਨਾਲ ਸੰਬੰਧ ਰੱਖਣ ਵਾਲੇ ਅਹਮਦੀ ਜੋ ਜਲਸੇ ਬਾਰੇ ਆਪਣੇ ਮਿਤੱਰਾਂ ਨੂੰ ਜਲਸੇ ਦੀਆਂ ਬਰਕਤਾਂ ਬਾਰੇ ਦਸਦੇ ਹਨ ਉਹ ਕਿੱਥੋਂ ਤੱਕ ਠੀਕ ਹੈ, ਇਸ ਦੀ ਸਚੱਾਈ ਕੀ ਹੈ ਅਤੇ ਜੱਦ ਇਹ ਮਿਤੱਰ ਇੱਥੇ ਆਣਕੇ ਭਾਗ ਲੈਂਦੇ ਹਨ ਤਾਂ ਅਧਿਕਤਰ ਇਹੋ ਕਹਿੰਦੇ ਹਨ ਕਿ ਜੋ ਕੁਝ ਸਾਨੂੰ ਜਲਸੇ ਬਾਰੇ ਦੱਸਿਆ ਗਿਆ ਸੀ, ਉਸ ਤੋਂ ਬਹੁਤ ਅਧਿਕ ਅਸੀਂ ਦੇਖਿਆ ਹੈ । ਕਈਆਂ ਉਪੱਰ ਇਸ ਦਾ ਐਨ੍ਹਾ ਪ੍ਰਭਾਵ ਪੈਂਦਾ ਹੈ ਕਿ ਉਹ ਬੈਅਤ ਕਰ ਲੈਂਦੇ ਹਨ । ... ਕਈ ਲੋਕ ਜੋ ਸ਼ਾਮਲ ਹੁੰਦੇ ਹਨ ਉਹਨਾਂ ਦੇ ਅਨੁਭਵ ਤਾਂ ਮੈਂ ਵਰਨਣ ਕਰਾਂਗਾ ਪਰ ਉਹਨਾਂ ਬੈਅਤ ਕਰਨ ਵਾਲਿਆਂ ਦੇ ਅਨੁਭਵ ਮੈਂ ਪਹਿਲਾਂ ਵਰਨਣ ਕਰਦਾ ਹਾਂ ਜਿੰਨ੍ਹ ਨੇ ਓਥੇ ਬੈਅਤ ਨਹੀਂ ਕੀਤੀ ਸੀ ਪਰ ਕੱਲ੍ਹ ਕੀਤੀ ਹੈ । ਉਹਨਾਂ ਵਿੱਚੋਂ ਇਕ ਸਜੱਣ ਜੋ ਗੋਟੇ ਮਾਲਾ ਵਿੱਚ ਰਹਿੰਦੇ ਹਨ ਸਮੀਕਾਦਰ ਸਾਹਬ ਹਨ । ਉਹਨਾਂ ਦਾ ਸੰਬੰਧ ਅਰਦਨ ਤੋਂ ਹੈ । ਕਾਰੋਬਾਰੀ ਮਾਮਲੇ ਵਿੱਚ ਓਥੇ ਰਹਿੰਦੇ ਹਨ । ਕਹਿੰਦੇ ਹਨ ਕਿ ਮੈਂ ਇਸ ਜਲਸੇ ਵਿੱਚ ਆਪਸੀ ਮਿਲਵਰਤਨ, ਪਿਆਰ ਤੇ ਸਨੇਹ ਦਾ ਉਹ ਅਮਲੀ ਰੂਪ ਦੇਖਿਆ ਹੈ ਜੋ ਸਾਡੇ ਆਕਾ ਹਜ਼ਰਤ ਮੁਹਮੱਦ ਮੁਸਤਫ਼ਾ ਸਲਲੱਾਹੁ ਅਲੈਹਿ ਵਸਲੱਮ ਸਾਡੇ ਵਿੱਚ ਪੈਦਾ ਕਰਨਾ ਚਾਹੁੰਦੇ ਸਨ । ਜਲਸਾ ਸਾਲਾਨਾ ਦੇ ਚੰਗੇ ਪ੍ਰਬੰਧ, ਵਿਵਸਥਾ, ਲੋਕਾਂ ਦੇ ਆਚਰਣ, ਵਫ਼ਾਦਾਰੀ ਅਤੇ ਆਪਸੀ ਸਨੇਹ ਤੇ ਭਾਈਚਾਰੇ ਦੀ ਭਾਵਨਾ ਨੇ ਬਹੁਤ ਪ੍ਰਭਾਵਤ ਕੀਤਾ ਅਤੇ ਉਸ ਮੁਬਾਰਕ ਹਦੀਸ ਦਾ ਕਰਮ ਰੂਪੀ ਚਿਤੱਰ ਦੇਖਿਆ ਕਿ ਮੋਮਿਨੀਨ ਦਾ ਆਪਸੀ ਸਨੇਹ ਤੇ ਭਾਈਚਾਰੇ ਦੀ ਉਧਾਰਨ ਇਕ ਸ਼ਰੀਰ ਵਾਂਗ ਹੈ ਜਿਸ ਦੇ ਇਕ ਭਾਗ ਵਿੱਚ ਕਸ਼ਟ ਪਹੁੰਚੇ ਤਾਂ ਸਾਰਾ ਸ਼ਰੀਰ ਉਸਨੂੰ ਅਨੁਭਵ ਕਰਦਾ ਹੈ ਫਿਰ ਕਹਿੰਦੇ ਹਨ ਕਿ ਅਲੱਾਹ ਤਆਲਾ ਜਲਸਾ ਸਾਲਾਨਾ ਦੇ ਵਰਕਰਾਂ ਨੂੰ ਚੰਗਾ ਪ੍ਰਤੀਫ਼ਲ ਦੇਵੇ ।

ਇਸੇ ਪ੍ਰਕਾਰ ਕੋਸਟਾਰੀਕਾ ਤੋਂ ਆਉਂਣ ਵਾਲੇ ਜੱਥੇ ਵਿੱਚ ਹੈਦਰ ਸਬੀਲੀਯਾ...ਸਾਹਬ ਸ਼ਾਮਲ ਸਨ, ਉਹ ਕਹਿੰਦੇ ਹਨ ਕਿ ਮੈਂਨੂੰ ਜਮਾਤ ਅਹਮਦੀਆ ਦੇ ਆਲਾ ਪ੍ਰਬੰਧ ਨੇ ਬਹੁਤ ਪ੍ਰਭਾਵਤ ਕੀਤਾ । ਜਮਾਤ ਅਹਮਦੀਆ ਦੇ ਹਰ ਮੈਂਬਰ ਨੇ ਆਪਣੇ ਜਿੰਮੇ ਲਾਈ ਡਿਊਟੀ ਨੂੰ ਸੁਚੱਜੇ ਢੰਗ ਨਾਲ ਪੂਰਾ ਕਰਨ ਨੇ ਬਹੁਤ ਪ੍ਰਭਾਵਤ ਕੀਤਾ ਹੈ । ਮੈਂ ਦੁਨੀਆ ਦੇ ਵੱਖ ਵੱਖ ਖੇਤਰਾਂ ਵਿੱਚੋਂ ਆਏ ਲੋਕਾਂ ਨਾਲ ਮਿਲਕੇ ਉਹਨਾਂ ਨਾਲ ਵਿਚਾਰ ਵਟਾਂਦਰਾ ਕਰਕੇ ਬਹੁਤ ਖ਼ੁਸ਼ ਹੋਇਆ ਹਾਂ । ਜਲਸੇ ਵਿੱਚ ਭਾਗ ਲੈਣ ਨਾਲ ਹਕੀਕੀ ਇਸਲਾਮ ਵੱਲ ਮੇਰਾ ਧਿਆਨ ਬਹੁਤ ਵੱਧ ਗਿਆ ਹੈ । ਇਸ ਦੇ ਸਬਬ ਆਚਰਣ ਤੇ ਈਮਾਨ ਨੇ ਤਰੱਕੀ ਕੀਤੀ ਹੈ ਅਤੇ ਸਮੇਂ ਦੇ ਖ਼ਲੀਫ਼ਾ ਦੇ ਕਥਨ ਅਤੇ ਮਾਰਗ ਦਰਸ਼ਨ ਬਿਨਾਂ ਕਿਸੇ ਸ਼ੀਯਾ ਸੁੰਨੀ ਵਿਤਕਰੇ ਦੇ ਸਾਰਿਆਂ ਮੁਸਲਮਾਨਾਂ ਲਈ ਹਨ ।

ਫਿਰ ਕੋਸਟਾਰੀਕਾ ਤੋਂ ਹੀ ਇਕ ਇਸਤਰੀ ਡਯਾਨਾ ਨਈਮਾ ਸਾਹਿਬਾ... ਕਹਿੰਦੀ ਹਨ ਜਲਸੇ ਵਿੱਚ ਭਾਗ ਲੈਣਾ ਇਕ ਅਨੋਖਾ ਤਜਰਬਾ ਸੀ । ਦੁਨੀਆ ਦੇ ਵੱਖ ਵੱਖ ਦੇਸ਼ਾਂ ਵਿੱਚੋਂ ਆਏ ਹੋਏ ਭਿੰਨ ਭਿੰਨ ਕੌਮਾ ਤੇ ਨਸਲਾਂ ਦੇ ਲੋਕਾਂ ਦੇ ਆਪਸੀ ਸਨੇਹ ਨੇ ਮੇਰੇ ਦਿਲ ਉਪੱਰ ਬਹੁਤ ਡੂੰਘਾ ਪ੍ਰਭਾਵ ਪਾਇਆ ਹੈ । ਇਸ ਵਾਤਾਵਰਣ ਨੇ ਮੈਨੂੰ ਰਸੂਲੇ ਕਰੀਮ ਸਲਲੱਾਹੁ ਅਲੈਹਿ ਵਸਲੱਮ ਦਾ ਯੁੱਗ ਚੇਤੇ ਕਰਵਾ ਦਿੱਤਾ । ਮੈਂਨੂੰ ਵਿਸ਼ਵਾਸ ਹੈ ਕਿ ਜਮਾਤ ਅਹਮਦੀਆ ਤਰੱਕੀ ਕਰੇਗੀ ਅਤੇ ਇਸ ਰਾਹੀਂ ਇਸਲਾਮ ਦਾ ਸਨੇਹ ਭਰਿਆ ਸੰਦੇਸ਼ ਵੀ ਫ਼ੈਲਦਾ ਜਾਵੇਗਾ ।... ਇਸ ਲਈ ਜਮਾਤ ਅਹਮਦੀਆ ਜੋ ਇਸਲਾਮ ਦਾ ਸੁੰਦਰ ਸੰਦੇਸ਼ ਦਿੰਦੀ ਹੈ ਅਤੇ ਬਿਨਾਂ ਕਿਸੇ ਉਪੱਰ ਚਿਕੱੜ ਸੁੱਟਿਆ ਜਾਂ ਖੰਡਨ ਕੀਤਿਆਂ ਇੱਕੋ ਰੱਬ ਲਈ ਇਕੱਤਰ ਕਰਨ ਦੇ ਜਤਨ ਕਰਦੀ ਹੈ । ਅਤੇ ਫਿਰ ਇਸ ਦਾ ਜੋ ਪਿਆਰ ਤੇ ਸਨੇਹ ਦਾ ਦ੍ਰਿਸ਼ ਹੈ ਉਹ ਹਰ ਆਉਂਣ ਵਾਲੇ ਨੂੰ ਦਿਖਾਈ ਦਿੰਦਾ ਹੈ, ਹਰ ਆਉਂਣ ਵਾਲਾ ਦੇਖਦਾ ਹੈ । ਆਪਸ ਵਿੱਚ ਮਿਲਵਰਤਨ ਦਾ ਦੂਜਿਆਂ ਨਾਲ ਮਿਲਵਰਤਨ ਦਾ, ਉਹ ਹਰ ਇਕ ਨੂੰ ਮਜਬੂਰ ਕਰਦਾ ਹੈ ਕਿ ਇਕ ਹਕੀਕੀ ਇਸਲਾਮ ਨੂੰ ਦੇਖ ਕੇ ਇਸ ਦਾ ਹਿੱਸਾ ਬਣੇ ਜਾਂ ਘੱਟੋ ਘੱਟ ਇਹ ਅਵਸ਼ ਹੁੰਦਾ ਹੈ ਕਿ ਇਸਲਾਮ ਉਪੱਰ ਜੋ ਇਤਰਾਜ਼ ਕੀਤੇ ਜਾਂਦੇ ਹਨ, ਉਹਨਾਂ ਦਾ ਪ੍ਰਭਾਵ ਏਥੇ ਆਣ ਕੇ ਦੇਖਣ ਵਾਲਿਆਂ ਉਪੱਰੋਂ ਖ਼ਤਮ ਹੋ ਜਾਂਦੇ ਹਨ । ਇਹ ਦ੍ਰਿਸ਼ ਹਰ ਯੁੱਗ ਵਿੱਚ ਅਲੱਾਹ ਤਆਲਾ ਸਾਨੂੰ ਦਿਖਾਉਂਦਾ ਰਿਹਾ ਅਤੇ ਹੁਣ ਵੀ ਦਿਖਾ ਰਿਹਾ ਹੈ । ਜੋ ਇਸ ਗੱਲ ਦਾ ਪ੍ਰਮਾਣ ਹੈ ਕਿ ਇਸਲਾਮੀ ਸਿੱਖਿਆ ਕਦੇ ਵੀ ਪੁਰਾਣੀ ਨਹੀਂ ਹੋਈ ਅਤੇ ਨ ਹੀ ਅਲੱਾਹ ਤਆਲਾ ਨੇ ਆਪਣੀ ਸਹਾਇਤਾ ਦਾ ਹੱਥ ਕਦੇ ਜਮਾਤ ਉਪੱਰੋਂ ਦੀ ਉਠਾਇਆ ।...

ਜੋ ਗੱਲਾਂ ਅਸੀਂ ਦੇਖਦੇ ਹਾਂ ਇਹ ਮਨੁੱਖੀ ਜਤਨਾਂ ਤੋਂ ਪੈਦਾ ਨਹੀਂ ਹੋ ਸਕਦੀਆਂ, ਜਿਵੇਂ ਕਿ ਮੈਂ ਪਿਛਲੇ ਖ਼ੁਤਬੇ ਵਿੱਚ ਵੀ ਕਿਹਾ ਸੀ ਕਿ ਜਲਸੇ ਦਾ ਵਾਤਾਵਰਣ ਇਕ ਗੁੰਮ ਪ੍ਰਚਾਰ ਕਰ ਰਿਹਾ ਹੁੰਦਾ ਹੈ ਅਤੇ ਉਸ ਵਿੱਚ ਭਾਗ ਲੈਣ ਵਾਲਾ ਹਰ ਅਹਮਦੀ ਅਤੇ ਹਰ ਵਰਕਰ ਮੋਨ ਪ੍ਰਚਾਰਕ ਹੁੰਦਾ ਹੈ । ਸਾਰੇ ਹੀ ਇਹ ਵਿਵਸਥਾ ਦੇਖਕੇ ਕਿ ਖ਼ਮੋਸ਼ੀ ਨਾਲ ਸਾਰੇ ਹੀ ਕਾਰਜ ਇਕ ਧਾਰ ਵਿੱਚ ਵਹਿੰਦੇ ਜਾ ਰਹੇ ਹਨ, ਕੋਈ ਰੌਲਾ-ਰੱਪਾ ਨਹੀਂ ਕੋਈ ਅਫ਼ਰਾ-ਤਫ਼ਰੀ ਨਹੀਂ ਹੈ ਕੋਈ ਸਖ਼ਤੀ ਜਾਂ ਕੌੜੀ ਗੱਲ ਨਹੀਂ ਦਿਖਾਈ ਦਿੰਦੀ ਸਭ ਹਸਦੇ ਮੁਸਕਰਾਉਂਦੇ ਮੁਖੜੇ ਦਿਖਾਈ ਦਿੰਦੇ ਹਨ । ਛੋਟੇ ਬੱਚਿਆਂ ਤੋਂ ਲੈਕੇ ਵੱਡੇ ਪੁਰੁਸ਼ ਇਸਤਰੀਆਂ ਸਾਰੇ ਹੀ ਸੇਵਾ ਦੀ ਭਾਵਨਾ ਨਾਲ ਭਰੇ ਹੋਏ ਹੁੰਦੇ ਹਨ, ਆਪਣੇ ਕੰਮ ਵਿੱਚ ਲੱਗੇ ਹੋਏ ਹਨ । ਇਹ ਚੀਜ਼ ਦੇਖ ਕੇ ਗ਼ੈਰਾਂ ਉਪੱਰ ਬਹੁਤ ਪ੍ਰਭਾਵ ਪੈਂਦਾ ਹੈ । ਅਤੇ ਜੋ ਅਹਮਦੀ ਪਹਿਲੀ ਵਾਰ ਜਲਸੇ ਵਿੱਚ ਸ਼ਾਮਲ ਹੁੰਦੇ ਹਨ ਉਹਨਾਂ ਦੇ ਈਮਾਨ ਵਿੱਚ ਵੀ ਇਹ ਦ੍ਰਿਸ਼ ਅਤਿਅੰਤ ਤਰੱਕੀ ਦਾ ਸਬਬ ਬਣਦਾ ਹੈ, ਸਗੋਂ ਸਦਾ ਸ਼ਾਮਲ ਹੋਣ ਵਾਲੇ ਵੀ ਨਵੇਂ ਸਿਰਿਓਂ ਚਾਰਜ ਹੁੰਦੇ ਹਨ ਅਤੇ ਆਪਣੇ ਈਮਾਨ ਤੇ ਨਿਸ਼ਠਾ ਵਿੱਚ ਤਰੱਕੀ ਤੇ ਵਾਧਾ ਕਰਕੇ ਇੱਥੋਂ ਜਾਂਦੇ ਹਨ । ਕਈ ਅਜਿਹੇ ਵੀ ਹੁੰਦੇ ਹਨ ਜੋ ਨੇਕ ਨੀਤੀ ਨਾਲ ਅਤੇ ਕੁਝ ਸੁਭਾਵਕ ਹੀ ਇਹ ਗੱਲ ਕਰਦੇ ਹਨ ਕਿ ਉਹਨਾਂ ਨੇ ਨੁਕਸ ਭਾਲਣੇ ਹੁੰਦੇ ਹਨ ਅਤੇ ਅਜਿਹੇ ਖੰਡਨਕਾਰੀਆਂ ਦਾ ਵੀ ਇਸ ਵਾਰ ਇਹ ਚਰਚਾ ਰਿਹਾ ਕਿ ਵਰਕਰਾਂ ਦੇ ਸੁਭਾਵ ਦਾ ਮਿਆਰ ਵੀ ਪਹਿਲਾਂ ਤੋਂ ਵੱਧਕੇ ਚੰਗਾ ਸੀ । ਜਲਸੇ ਦੇ ਮਹਿਮਾਨਾ ਦਾ ਅਨੁਭਵ ਤੇ ਵਿਚਾਰ ਵੀ ਪੇਸ਼ ਕਰਦਾ ਹਾਂ ।

ਇਸ ਵਾਰ ਕਾਂਗੋ ਕਨਸ਼ਾਸਾ ਤੋਂ ਸਪੀਕਰ ਸਟੇਟ ਅਸੈਂਬਲੀ ਬੰਦਵਨਿਦੂ ਬੋਨੀ ਫ਼ੇਸ ਬੂਸ਼ਿਵਾ ਸਾਹਬ ... ਪਹਿਲੀ ਵਾਰ ਜਲਸੇ ਵਿੱਚ ਸ਼ਾਮਲ ਹੋਏ । ਬੰਦਵਨਿਦੂ ਸਟੇਟ ਅਸੈਂਬਲੀ ਹੈ ਬੋਨੀ ਫ਼ੇਸ ਬੂਸ਼ਿਵਾ ਸਾਹਬ ਉਹਨਾਂ ਦਾ ਨਾਂ ਹੈ । ਉਹਨਾਂ ਨੇ ਤਿੰਨਾ ਦਿਨਾਂ ਦੀ ਜਲਸੇ ਦੀ ਪੂਰੀ ਕਾਰਵਾਈ ਜਲਸਾਗਾਹ ਵਿੱਚ ਬੈਠ ਕੇ ਸੁਣੀ ਤੇ ਦੇਖੀ, ਨਮਾਜ਼ਾਂ ਦੇ ਸਮੇਂ ਵੀ ਉਹ ਜਲਸੇਗਾਹ ਵਿੱਚ ਰਹਿੰਦੇ ਅੰਤਰ ਰਾਸ਼ਟਰੀ ਬੈਅਤ ਦਾ ਦ੍ਰਿਸ਼ ਵੀ ਦੇਖਿਆ । ਉਹ ਕਹਿੰਦੇ ਹਨ ਇੱਥੇ ਹਰ ਕੋਈ ਇਉਂ ਮਿਲ ਰਿਹਾ ਹੈ ਜਿਵੇਂ ਵਰ੍ਹਿਆਂ ਤੋਂ ਇਕ ਦੂਜੇ ਨੂੰ ਜਾਣਦੇ ਹੋਣ । ਹਰ ਕੋਈ ਸਲਾਮ ਕਰ ਰਿਹਾ ਹੈ । ਇਹੋ ਸਚੱਾ ਸਨੇਹ ਹੈ । ਇਹੋ ਸਚੱਾ ਧਰਮ ਤੇ ਦੀਨ ਹੈ । ਕਹਿੰਦੇ ਹਨ ਕਿ

ਇਕ ਵਾਰ ਅਸੀਂ ਸਟੇਟ ਪਧੱਰ ਦਾ ਪ੍ਰੋਗ੍ਰਾਮ ਕਰਨਾ ਸੀ ਜਿਸ ਵਿੱਚ ਪਹਿਲੇ ਦਿਨ ਹੀ ਕੁਪ੍ਰਬੰਧ ਕਰਕੇ 26 ਲੋਕਾਂ ਦੀ ਮੌਤ ਹੋ ਗਈ, ਜਿਸ ਕਰਕੇ ਪ੍ਰੋਗ੍ਰਾਮ ਕੈਂਸਲ ਕਰਨਾ ਪਿਆ ਪਰ ਮੈਂ ਹੈਰਾਨ ਹਾਂ ਕਿ ਜਲਸੇ ਵਿੱਚ ਹਜ਼ਾਰਾਂ ਹੀ ਲੋਕਾਂ ਦਾ ਇਕੱਠ ਹੈ ਕੋਈ ਨਿੱਕੀ ਜਿਹੀ ਵੀ ਬਦਨਜ਼ਮੀ ਨਹੀਂ ਹੋਈ । ਕੋਈ ਧੱਕੀ ਮੁੱਕੀ ਤੇ ਫ਼ਸਾਦ ਨਹੀਂ ਹੋਇਆ । ਕਿਸੇ ਦੀ ਮੌਤ ਹੋਣੀ ਤਾਂ ਦੂਰ ਦੀ ਗੱਲ ਕਿਸੇ ਨੇ ਉੱਚੀ ਆਵਾਜ਼ ਵਿੱਚ ਗੱਲ ਤੱਕ ਨਹੀਂ ਕੀਤੀ । ਨਿੱਕੇ ਬੱਚਿਆਂ ਨੂੰ ਡਿਊਟੀ ਦਿੰਦਿਆਂ ਦੇਖਕੇ ਬਹੁਬ ਜਜ਼ਬਾਤੀ ਸਨ । ਕਹਿੰਦੇ ਹਨ ਜੱਦ ਇਹ ਭੋਲੇ ਬੱਚੇ ਪਿਆਰ ਨਾਲ ਪਾਣੀ ਜਾਂ ਕੋਈ ਹੋਰ ਚੀਜ਼ ਜਿਸ ਪਿਆਰ ਤੇ ਸਨੇਹ ਨਾਲ ਪੇਸ਼ ਕਰਦੇ ਹਨ ਕਿ ਲੋੜ ਨ ਹੁੰਦਿਆਂ ਹੋਇਆਂ ਵੀ ਨਾਹ ਕਰਨ ਨੂੰ ਜੀ ਨਹੀਂ ਕਰਦਾ । ......

ਫਿਰ ਬੈਨਨ ਦੇ ਗ੍ਰਹਿ ਮੰਤਰੀ ਫ਼੍ਰਾਂਸ ...... ਨੇ ਆਪਣੇ ਵਿਚਾਰ ਪ੍ਰਕਟ ਕਰਦਿਆਂ ਹੋਇਆ ਕਿਹਾ, ਮੇਰੇ ਕੋਲ ਸ਼ਬਦ ਨਹੀਂ ਹਨ ਜਿੰਨ੍ਹਾ ਤੋਂ ਮੈਂ ਜਲਸੇ ਦੇ ਪ੍ਰਬੰਧਾਂ ਦੀ ਉਸਤਤੀ ਕਰ ਸਕਾਂ । ਬਹੁਤ ਹੀ ਉਮਦਾ ਤੇ ਵਿਵਸਥਿਤ ਜਲਸਾ ਸੀ । ਮੈਂ ਜਮਾਤ ਦੇ ਲੋਕਾਂ ਵਿੱਚ ਦੂਜਿਆਂ ਦੀ ਨਿਹ ਸਵਾਰਥ ਸੇਵਾ ਕਰਨ ਦਾ ਅਸਾਧਾਰਣ ਜੋਸ਼ ਦੇਖਿਆ ਹੈ ਇਹ ਜੋਸ਼ ਹਰ ਅਹਮਦੀ ਦੀ ਰੂਹ (ਆਤਮਾ) ਦੀ ਗ਼ਜ਼ਾ (ਆਹਾਰ) ਬਣ ਚੁਕਿਆ ਹੈ । ਇਹੋ ਕਾਰਣ ਹੈ ਕਿ ਅੱਜ ਜਮਾਤ ਅਹਮਦੀਆ ਤਰੱਕੀ ਦੇ ਮਾਰਗਾਂ ਉਪੱਰ ਤੁਰ ਰਹੀ ਹੈ । ਕਹਿੰਦੇ ਹਨ ਕਿ ਬੱਚਿਆਂ, ਵੱਡਿਆਂ ਇੱਥੋਂ ਤੱਕ ਕਿ ਬੁੱਢਿਆਂ ਨੂੰ ਵੀ ਦੇਖਿਆ ਕਿ ਉਹਨਾਂ ਨੂੰ ਖਾਣ ਪੀਣ ਦੀ ਚਿੰਤਾ ਨਹੀਂ ਸੀ । ਇਕ ਚਿੰਤਾ ਸੀ ਕਿ ਕਿਸੇ ਪ੍ਰਕਾਰ ਸਾਡਾ ਜਲਸਾ ਸਫ਼ਲ ਹੋਵੇ । ਆਪਣੇ ਉਦੇਸ਼ ਦੀ ਪ੍ਰਾਪਤੀ ਲਈ ਐਨ੍ਹੀ ਮਿਹਨਤ ਕਰਨ ਵਾਲੇ ਲੋਕ ਮੈਂ ਕਦੇ ਨਹੀਂ ਦੇਖੇ । ਕਹਿੰਦੇ ਹਨ ਮੈਂ ਦੁਨੀਆ ਦੇਖੀ ਹੈ । ਅਮਰੀਕਾ ਜਿਹੇ ਸੁਪੱਰ ਪਾਵਰ ਦੇ ਪ੍ਰਬੰਧ ਵੀ ਦੇਖੇ ਹਨ, ਪਰ ਵੱਡੀ ਵੱਡੀ ਸ਼ਕਤੀਆਂ ਨੂੰ ਵੀ ਇਸ ਪ੍ਰਕਾਰ ਦੇ ਵਿਵਸਥਿਤ ਅਤੇ ਸ਼ਾਂਤੀ ਪੂਰਨ ਪ੍ਰਬੰਧ ਕਰਦਿਆਂ ਨਹੀਂ ਦੇਖਿਆ । ਏਥੇ ਤਾਂ ਬਿਲਕੁਲ ਛੋਟੀ ਉਮਰ ਦੇ ਬੱਚੇ ਵੀ ਨਿਹਸਵਾਰਥ ਡਿਊਟੀਆਂ ਦਿੰਦੇ ਹਨ ਅਤੇ ਬੜੇ ਚਾਅ ਨਾਲ, ਜੋ ਉਹਨਾਂ ਨੂੰ ਹਿਦਾਇਤ ਮਿਲਦੀ ਹੈ ਉਸ ਦੀ ਪਾਬੰਦੀ ਕਰਦੇ ਹਨ । ਫਿਰ ਕਹਿੰਦੇ ਹਨ ਜਮਾਤ ਦੀ ਵਿਸ਼ਵ ਵਿਆਪੀ ਸ਼ਕਤੀ ਦਾ ਭੇਤ ਇਹੋ ਹੈ ਕਿ ਜਮਾਤ ਨੂੰ ਇਕ ਖ਼ਲੀਫ਼ਾ ਮਿਲਿਆ ਹੋਇਆ ਹੈ । ਮੈਂ ਪ੍ਰਤਖ ਰੂਪ ਵਿੱਚ ਇਸ ਗੱਲ ਪ੍ਰਗਟਾਅ ਕਰਦਾ ਹਾਂ ਕਿ ਅੱਜ ਜਮਾਤ ਅਹਮਦੀਆ ਹੀ ਹੈ ਜੋ ਦੁਨੀਆ ਵਿੱਚ ਅਮਨ ਦੀ ਸਥਾਪਨਾ ਲਈ ਕੰਮ ਕਰ ਰਹੀ ਹੈ । ਅੱਜ ਧਰਤੀ ਉਪੱਰ ਕੇਵਲ ਜਮਾਤ ਅਹਮਦੀਆ ਹੀ ਹੈ ਜੋ ਭਾਈਚਾਰੇ ਦੀ ਸਿੱਖਿਆ ਦਿੰਦੀ ਹੈ, ਸਬਰ ਤੇ ਸੰਤੋਖ ਦੇ ਉਪਦੇਸ਼ ਦਿੰਦੀ ਹੈ ਅਤੇ ਅਮਨ ਦੇ ਸਥਾਪਨਾ ਦੀ ਧਵਜਵਾਹਕ ਹੈ ।

ਯੁਗੰਡਾ ਦੇ ਡਿਫ਼ੈਂਸ ਮਨਿਸਟਰ ਡਾ. ਕੈਸਪਸ ਚਿਊਂਗਾ ... ਨੇ ਜਲਸੇ ਵਿੱਚ ਭਾਗ ਲਿਆ । ਕਹਿੰਦੇ ਹਨ ਜਲਸੇ ਦੀ ਵਿਵਸਥਾ ਦਾ ਦ੍ਰਿਸ਼ ਵਰਨਣ ਕਰਨ ਤੋਂ ਬਾਹਰ ਹੈ ਨਿਰੰਤਰ ਦੋ ਦਿਨ ਜਲਸੇ ਦੀ ਕਾਰਵਾਈ ਦੇਖੀ ਨੁਮਾਇਸ਼ ਵੀ ਦੇਖੀ । ਸਭ ਕੁਝ ਦੇਖਣ ਮਗਰੋਂ ਜੱਦ ਮੇਰੇ ਨਾਲ ਮੁਲਾਕਾਤ ਹੋਈ ਕਹਿਣ ਲੱਗੇ ਐਨ੍ਹਾ ਡਿਸਿਪਿਲਿਨ ਤਾਂ ਆਰਮੀ ਪੈਦਾ ਕਰ ਸਕਦੀ ਹੈ । ਉਹਨਾਂ ਨੂੰ ਮੈਂ ਕਿਹਾ ਆਪ ਦੀ ਆਰਮੀ ਵੀ ਪੈਦਾ ਨਹੀਂ ਕਰ ਸਕਦੀ, ਇਸ'ਤੇ ਆਖਣ ਲੱਗੇ ਬਹੁਤ ਸਹੀ ਗੱਲ ਕਹੀ ਹੈ ਇਸ ਵਿੱਚ ਕੋਈ ਸ਼ੰਕਾ ਨਹੀਂ ਹੈ, ਇਸ ਪ੍ਰਕਾਰ ਦਾ ਡਿਸਿਪਿਲਿਨ ਤਾਂ ਦੁਨੀਆ ਦੀ ਕੋਈ ਆਰਮੀ ਵੀ ਨਹੀਂ ਕਰ ਸਕਦੀ ।......

ਨਾਈਜੀਰੀਯਾ ਤੋਂ ਆਉਣ ਵਾਲੇ ਜੱਥੇ ਵਿੱਚ ਇਕ ਟੈਲੀਵੀਜ਼ਨ ਦੇ ਡਾਇਰੈਕਟਰ ਇਸਹਾਕ ਸਾਹਬ ਸਨ । ਕਹਿੰਦੇ ਹਨ ਜਲਸਾ ਸਾਲਾਨਾ ਦੇ ਸਾਰੇ ਪ੍ਰਬੰਧ ਇੰਟਰ ਨੈਸ਼ਨਲ ਪਧੱਰ ਦੇ ਸਨ । ਏਅਰਪੋਰਟ ਤੋਂ ਰਿਸੀਵ ਕਰਨ ਤੋਂ ਲੈਕੇ ਜਲਸੇ ਦੇ ਅੰਤ ਤੱਕ ਹਰ ਪੱਖੋਂ ਸਾਰੇ ਪ੍ਰਬੰਧ ਬਹੁਤ ਵੱਧੀਆ ਸਨ । ਜਲਸੇ ਦੇ ਭਾਸ਼ਣ ਬਹੁਤ ਉਮਦਾ ਸਨ । ਮੈਂ ਪਹਿਲੀ ਵਾਰ ਅੰਤਰ ਰਾਸ਼ਟਰੀ ਬੈਅਤ ਦਾ ਦ੍ਰਿਸ਼ ਦੇਖਿਆ, ਬਹੁਤ ਹੀ ਭਾਵਨਾਤਮਕ ਦ੍ਰਿਸ਼ ਸੀ । ਇਸ ਦ੍ਰਿਸ਼ ਨੇ ਮੇਰੇ ਮਨ ਉਪੱਰ ਬਹੁਤ ਹੀ ਡੂੰਘਾ ਪ੍ਰਭਾਵ ਛੱਡਿਆ ਹੈ । ਜਲਸਾ ਸਾਲਾਸਾ ਦੇ ਇਜਲਾਸਾਂ ਵਿੱਚ ਜੱਦ ਖ਼ਲੀਫ਼ਾਤੁਲ ਮਸੀਹ ਮੌਜੂਦ ਹੁੰਦੇ ਸਨ ਤਾਂ ਇਹ ਦ੍ਰਿਸ਼ ਬਹੁਤ ਹੀ ਆਤਮਕ ਤੇ ਭਾਵਨਾਤਮਕ ਹੁੰਦਾ ਇੱਥੋਂ ਤੱਕ ਕਿ ਮੈਂ ਆਪਣੀਆਂ ਭਾਵਨਾਵਾਂ ਉਪੱਰ ਕਾਬੂ ਨਹੀਂ ਰੱਖ ਸਕਿਆ ਅਤੇ ਮੇਰੀਆਂ ਅੱਖਾ'ਚੋਂ ਹੰਝੂ ਵਹਿ ਤੁਰੇ ਕਿ ਕਿਵੇਂ ਹਜ਼ਾਰਾ ਦੀ ਗਿਣਤੀ ਵਿੱਚ ਲੋਕ ਆਪਣੇ ਇਮਾਮ ਸਾਹਣੇ ਸਿਰ ਨਿਵਾਏ ਬੈਠੇ ਹਨ । ਅਜਿਹਾ ਦ੍ਰਿਸ਼ ਮੈਂ ਆਪਣੇ ਜੀਵਨ ਵਿੱਚ ਕਦੇ ਨਹੀਂ ਦੇਖਿਆ ਜੋ ਸਨੇਹ, ਪਿਆਰ ਅਤੇ ਮੁਹਬੱਤ ਜਮਾਤ ਦੇ ਲੋਕਾਂ ਨੇ ਇਸ ਜਲਸੇ ਵਿੱਚ ਅਤੇ ਬਾਦ ਵਿੱਚ ਦਿੱਤਾ ਉਹ ਮੈਂ ਵਾਪਸ ਜਾਕੇ ਦੱਸਾਂਗਾ ਕਿ ਸਾਰੀ ਉਮੱਤੇ ਮੁਸਲਿਮਾ ਨੂੰ ਇਸੇ ਉਤੱਮ ਦੇ ਨਮੂਨੇ ਨੂੰ ਅਪਨਾਉਂਣਾ ਚਾਹੀਦਾ ਹੈ ।

ਨਾਈਜੀਰੀਯਾ ਦੀ ਇਕ ਅਖਬਾਰ ਨੈਸ਼ਨਲ ਮਿਰਰ ਦੀ ਅਸਿਸਟੈਂਟ ਐਡੀਟਰ ਸਕੀਨਾ ਲਵਾਲ ਸਾਹਿਬਾ ਆਈ ਸਨ । ਕਹਿੰਦੀ ਹਨ ਕਿ ਜਲਸਾ ਸਾਲਾਨਾ ਯੂ.ਕੇ. ਵਿੱਚ ਆਕੇ ਇਹ ਅਨੁਭਵ ਹੋਇਆ ਕਿ ਜਮਾਤ ਦਾ ਹਰ ਮਨੁੱਖ ਇਕ ਦੂਜੇ ਨਾਲ ਸਨੇਹ ਰੱਖਦਾ ਹੈ । ਹਰ ਮਨੁੱਖ ਮੁਸਕਰਾਉਂਦਾ ਮਿਲਦਾ ਹੈ ਅਤੇ ਹਰ ਸਮੇਂ ਇਕ ਦੂਜੇ ਦੀ ਮਦਦ ਲਈ ਤਿਆਰ ਹੈ । ਮੈਂਨੂੰ ਜਨਰਲਿਸਟ ਵੱਜੋਂ ਕੰਮ ਕਰਦਿਆਂ ਅਠਾਰ੍ਹਾਂ ਸਾਲ ਹੋ ਗਏ ਹਨ । ਮੈਂ ਪ੍ਰਤਖ ਰੂਪ ਵਿੱਚ ਇਸ ਗੱਲ ਦਾ ਪ੍ਰਗਟਾ ਕਰਦੀ ਹਾਂ ਅਤੇ ਇਹ ਮਾਣ ਅਨੁਭਵ ਕਰਦੀ ਹਾਂ ਕਿ ਸਾਰੀਆਂ ਮੁਸਲਮਾਨ ਤਨਜ਼ੀਮਾ ਵਿੱਚੋਂ ਜਮਾਤ ਅਹਮਦੀਆ ਹੀ ਉਹ ਇੱਕੋ ਇਕ ਤਨਜ਼ੀਮ ਹੈ ਜੋ ਇਸਲਾਮੀ ਆਦੇਸ਼ਾਂ ਉਪੱਰ ਅਮਲ ਕਰਦੀ ਹੈ ਅਤੇ ਦੂਜਿਆਂ ਮੁਸਲਮਾਨਾ ਲਈ ਇਕ ਉਧਾਰਣ ਹੈ । ਜਲਸਾ ਸਾਲਾਨਾ ਦੇ ਪ੍ਰਬੰਧਕੀ ਪੱਖਾਂ ਤੋਂ ਹਰ ਪੱਖੋਂ ਪੂਰਨ ਸਨ । ... ਫਿਰ ਬੈਲਜੀਯਮ ਦੇ ਇਕ ਸ਼ਹਿਰ ਕਸਤਾਰਲੀ ... ਦੇ ਮੇਦਰ ਜੋ ਜੋ ਫ਼ਲੀਮਸ਼ ਪਾਰਲੀਮੈਂਟ ਦੇ ਮੈਂਬਰ ਹਨ, ਉਹ ਆਏ ਹੋਏ ਸਨ ਕਹਿੰਦੇ ਹਨ ਕਿ ਇਸ ਜਲਸੇ ਵਿੱਚ ਸ਼ਾਮਲ ਹੋਕੇ ਮੈਂਨੂੰ ਇਸਲਾਮ ਦੀ ਅਸਲ ਸਿੱਖਿਆ ਬਾਰੇ ਜਾਨਕਾਰੀ ਮਿਲੀ, ਭਾਵ ਇਹ ਕਿ ਮੈਂ ਆਪਣੀਆਂ ਅਖੱਾਂ ਰਾਹੀਂ ਦੇਖਿਆ ਕਿ ਕਿਵੇਂ ਲੋਕ ਇਸ ਸਿੱਖਿਆ ਉਪੱਰ ਅਮਲ ਕਰਦੇ ਹਨ । ਲੋਕਾਂ ਦੇ ਆਪੋ ਵਿੱਚ ਸਨੇਹ ਤੇ ਪਿਆਰ ਨੇ ਮੈਂਨੂੰ ਬਹੁਤ ਪ੍ਰਭਾਵਤ ਕੀਤਾ ਹੈ । ਮੈਂ ਜਮਾਤ ਦੇ ਲੋਕਾਂ ਨੂੰ ਕੇਵਲ ਲੋਕਲ ਪਧੱਰ'ਤੇ ਦੇਖਿਆ ਸੀ ਪਰ ਜਲਸੇ ਵਿੱਚ ਸ਼ਾਮਲ ਹੋਕੇ ਅੰਤਰ ਰਾਸ਼ਟਰੀ ਪਧੱਰਾ'ਤੇ ਵੀ ਜਮਾਤ ਦੇ ਲੋਕਾਂ ਨੂੰ ਦੇਖਿਆ ਅਤੇ ਗੋਲ੍ਹਿਆ ਕਿ ਜਮਾਤ ਜੋ ਕਹਿੰਦੀ ਹੈ ਉਸ'ਤੇ ਅਮਲ ਵੀ ਕਰਦੀ ਹੈ । ਜਲਸੇ ਦੇ ਐਨ੍ਹੇ ਉਚੱਤਮ ਪ੍ਰਬੰਧ ਦੀ ਉਧਾਰਣ ਕਿਤੇ ਨਹੀਂ ਮਿਲਦੀ ।

ਬੈਲਜੀਯਮ ਦੇ ਸ਼ਹਿਰ ਟਰਨਹਾਰਟ ਦੇ ਵਾਇਸ ਮੇਅਰ ਅਤੇ ਕੌਂਸਲਰ ਸ਼ਾਮਲ ਹੋਏ ਸਨ ਕਹਿੰਦੇ ਹਨ ਕਿ ਇਸਲਾਮ ਬਾਰੇ ਮੀਡੀਆ ਵਿੱਚ ਜੋ ਕੁਝ ਅਸੀਂ ਦੇਖਿਆ ਸੀ ਜਲਸੇ ਵਿੱਚ ਆਣਕੇ ਉਕੱਾ ਹੀ ਵਿਪਰੀਤ ਦੇਖਿਆ । ਇਸਲਾਮ ਦਾ ਜੋ ਚਿਤੱਰ ਆਪ ਨੇ ਪੇਸ਼ ਕੀਤਾ ਹੈ, ਉਹੋ ਵਾਸਤਵਿਕ ਇਸਲਾਮ ਹੈ । ਇਸ ਵਿੱਚ ਕੋਈ ਸ਼ੰਕਾ ਨਹੀਂ ਕਿ ਇਸਲਾਮ ਦੀ ਤਾਲੀਮ (ਸਿੱਖਿਆ) ਬਹੁਤ ਹੀ ਪਿਆਰੀ ਹੈ । ਕਹਿੰਦੇ ਹਨ ਆਪ ਇਸਲਾਮ ਦੀ ਹਕੀਕੀ ਸਿੱਖਿਆ ਪੇਸ਼ ਕਰਕੇ ਜੋ ਸਾਰੀ ਮਾਨਵਤਾ ਨੂੰ ਇਕ ਝੰਡੇ ਹੇਠ ਇਕੱਤਰ ਕਰਨਾ ਚਾਹੁੰਦੇ ਹਨ ਉਹ ਇਕ ਬਹੁਤ ਵੱਡੀ ਨੇਕੀ ਹੈ । ਮੈਂ ਆਪਣੇ ਸ਼ਹਿਰ ਵਿੱਚ ਦੇਖਿਆ ਸੀ ਕਿ ਜਮਾਤ ਮਾਨਵਤਾ ਦੀ ਸੇਵਾ ਲਈ ਜਤਨਬਧ ਰਹਿੰਦੀ ਹੈ ਪਰ ਜਲਸੇ ਵਿੱਚ ਆਣ ਕੇ ਮੈਂਨੂੰ ਜਾਨਕਾਰੀ ਮਿਲੀ ਕਿ ਜਮਾਤ ਅਹਮਦੀਆ ਤਾਂ ਪੂਰੀ ਦੁਨੀਆ ਵਿੱਚ ਮਾਨਵਤਾ ਦੀ ਸੇਵਾ ਵਿੱਚ ਜਤਨਬੱਧ ਹੈ ।

ਫਿਰ ਬੈਲਜੀਯਮ ਸ਼ਹਿਰ ਦੇ ਵਾਇਸ ਮੇਅਰ ਦੀ ਪਤਨੀ ਕਹਿੰਦੀ ਹਨ ਕਿ ਮੈਂ ਇਸਤਰੀਆਂ ਦੇ ਜਲਸੇ ਵਿੱਚ ਵੀ ਗਈ । ਓਥੇ ਮੈਂਨੂੰ ਜੋ ਪਿਆਰ ਅਤੇ ਸਨੇਹ ਮਿਲਿਆ ਉਸ ਦੀ ਉਧਾਰਣ ਮੈਂ ਆਪਣੇ ਜੀਵਨ ਵਿੱਚ ਕਿਤੇ ਨਹੀਂ ਦੇਖੀ । ਜੱਦ ਖ਼ਲੀਫ਼ਾਤੁਲ ਮਸੀਹ ਇਸਤਰੀਆਂ ਦੇ ਜਲਸੇ ਵਿੱਚ ਆਏ ਤਾਂ ਓਥੋਂ ਦਾ ਅਦਭੁੱਤ ਵਾਤਾਵਰਣ ਸੀ । ਐਨ੍ਹੀ ਭਾਰੀ ਗਿਣਤੀ ਵਿੱਚ ਇਸਤਰੀਆਂ ਓਥੇ ਮੌਜੂਦ ਸਨ, ਪਰ ਹਰ ਪਾਸੇ ਚੁੱਪੀ ਸੀ । ਫਿਰ ਖ਼ਲੀਫ਼ਾਤੁਲ ਮਸੀਹ ਨੇ ਖ਼ਤਤਾਬ ਦਿੱਤਾ ਤਾਂ ਹਜ਼ਾਰਾਂ ਦੀ ਗਿਣਤੀ ਵਿੱਚ ਵਿਦਮਾਨ ਇਸਤਰੀਆਂ ਨੇ ਪੂਰਨ ਖ਼ਮੋਸ਼ੀ ਨਾਲ ਪੂਰਾ ਖ਼ਤਾਬ ਸੁਣਿਆ । ਇਸਤਰੀਆਂ ਬਾਰੇ ਇਸਲਾਮੀ ਸਿੱਖਿਆ ਬਾਰੇ ਮੇਰੇ ਮਨ ਵਿੱਚ ਜੋ ਪ੍ਰਸ਼ਨ ਮੇਰੇ ਮਨ ਵਿੱਚ ਸਨ ਖ਼ਲੀਫ਼ਾਤੁਲ ਮਸੀਹ ਦੇ ਭਾਸ਼ਣ ਵਿੱਚੋਂ ਉਹਨਾਂ ਪ੍ਰਸ਼ਨਾਂ ਦੇ ਉਤੱਰ ਮਿਲ ਗਏ । ਕਹਿੰਦੀ ਹਨ ਕਿ ਮੈਂ ਜਲਸੇਗਾਹ ਵਿੱਚ ਗਈ ਤਾਂ ਮੇਰੇ ਮਨ ਵਿੱਚ ਅਰੰਭ ਵਿੱਚ ਇਕ ਡਰ ਜਿਹਾ ਸੀ, ਪਰ ਜੱਦ ਖ਼ਲੀਫ਼ਾਤੁਲ ਮਸੀਹ ਦਾ ਭਾਸ਼ਣ ਸੁਨਣਾ ਸ਼ੁਰੂ ਕੀਤਾ ਤਾਂ ਮੇਰਾ ਸਾਰਾ ਡਰ ਜਾਂਦਾ ਰਿਹਾ ।

ਮਾਲਟਾ ਤੋਂ ਇਕ ਜਨਰਲਿਸਟ ਐਵਾਨ ਬਾਤੁਲੂ ਸਾਹਬ ਆਏ ਹੋਏ ਨਨ । ਟੀ.ਵੀ. ਉਪੱਰ ਇਕ ਪ੍ਰੋਗ੍ਰਾਮ ਦੀ ਮੇਜ਼ਬਾਨੀ ਵੀ ਕਰਦੇ ਹਨ । ਤਿੰਨ੍ਹਾ ਵਰ੍ਹਿਆਂ ਤੋਂ ਉਹਨਾਂ ਦਾ ਜਮਾਤ ਨਾਲ ਸੰਬੰਧ ਹੈ । ਉਹਨਾਂ ਨੇ ਮੇਰਾ ਇੰਟਰਵੀਊ ਵੀ ਲਿਆ, ਉਹਨਾਂ ਦੀ ਇੱਛਾ ਸੀ ਕਿ ਮੇਰਾ ਇੰਟਰਵੀਊ ਲੈਣ । ਕਹਿੰਦੇ ਹਨ ਕਿ ਮੇਰੇ ਲਈ ਲਈ ਇਹ ਗੱਲ ਦਿਨ ਚੜ੍ਹੇ ਵਾਂਗ ਪ੍ਰਤੱਖ ਹੋ ਗਈ ਹੈ ਕਿ 125 ਵਰ੍ਹਿਆਂ ਵਿੱਚ ਜਮਾਤ ਨੇ ਐਨ੍ਹੀ ਤਰੱਕੀ ਕੀਤੀ ਹੈ ਕਿ ਦੁਨੀਆ ਦੇ 206 ਦੇਸ਼ਾਂ ਵਿੱਚ ਜਮਾਤ ਕਾਇਮ ਹੋ ਚੁਕੀ ਹੈ । ਇਹ ਅਵਸ਼ ਵੀ ਇਲਾਹੀ ਪਖੱਤਾ ਤੇ ਮਦਦ ਤੋਂ ਬਿਨਾ ਸੰਭਵ ਨਹੀਂ । ਫਿਰ ਕਹਿੰਦੇ ਹਨ ਕਿ ਜਲਸੇ ਵਿੱਚ ਹਰ ਇਕ ਚੀਜ ਵਿਵਸਥਿਤ, ਨਿਰੰਤਰ ਤੇ ਲੜੀਵਾਰ ਸੀ ਅਤੇ ਜਿੱਥੇ ਵਿਵਸਥਾ ਤੇ ਨਿਰੰਤਰਤਾ ਹੋਵੇ ਓਥੇ ਰੱਬ ਹੁੰਦਾ ਹੈ । ਇਹ ਈਸਾਈ ਹਨ ਅਤੇ ਇਸਾਈਆਂ ਦੇ ਪ੍ਰਭਾਵ ਹੇਠ ਹਨ । ਮੇਰਾ

ਇੰਟਰਵੀਊ ਲੈਣ ਮਗਰੋਂ ਉਹਨਾਂ ਨੇ ਕਿਹਾ ਕਿ ਉਹ ਆਪਣੇ ਦੇਸ਼ ਜਾਕੇ ਆਪਣੇ ਟੀ.ਵੀ. ਚੈਨਲ ਲਈ ਜਮਾਤ ਬਾਰੇ ਇਕ ਘੰਟੇ ਦੀ ਡਾਕੂਮੈਂਟਰੀ ਬਨਾਉਣਗੇ ।

ਇਸ ਵਾਰ ਭਿੰਨ ਭਿੰਨ ਪ੍ਰੈਸਾਂ ਦੇ ਲੋਕਲ ਤੇ ਬਾਹਰਲੇ ਦੇਸ਼ਾਂ ਵਿੱਚੋਂ ਵੀ ਅਨੇਕਾਂ ਜਨਰਲਿਸਟ ਆਏ ਹੋਏ ਸਨ । ਇਕ ਹਿੰਦੂ ਜਨਰਲਿਸਟ ਨੇ ਕਿਹਾ ਕਿ ਮੈਂਨੂੰ ਮੇਰੀ ਮਾਂ ਨੇ ਮਨਾ ਕੀਤਾ ਸੀ ਕਿ ਮੁਸਲਮਾਨਾਂ ਦੇ ਫ਼ੰਕਸ਼ਨ ਵਿੱਚ ਨ ਜਾਓ । ਬਹੁਤ ਖ਼ਤਰਨਾਕ ਲੋਕ ਹਨ । ਇਹ ਤੁਹਾਨੂੰ ਮਾਰ ਮੂਰ ਦੇਣਗੇ ਅਤੇ ਪਤਾ ਵੀ ਨਹੀ ਲੱਗੇਗਾ ਕਿ ਕਿੱਥੇ ਗਈ ਹੋ । ਖ਼ੈਰ ਕਹਿੰਦੀ ਹਨ ਕਿ ਪਰ ਮੈਂ ਆਪਣੀ ਮਾਂ ਦੀ ਗੱਲ ਨਹੀਂ ਮੰਨੀ । ਮੈਨੂੰ ਅੱਜ ਏਥੇ ਆਣਕੇ ਜੋ ਤਜਰਬਾ ਹੋਇਆ ਹੈ ਹੁਣ ਮੈਂ ਜਾਕੇ ਆਪਣੀ ਮਾਂ ਨੂੰ ਆਖਾਂਗੀ ਕਿ ਇਹ ਅਹਮਦੀ ਸਾਡੇ ਤੋਂ ਵੱਧ ਪੁਰਅਮਨ ਹਨ ਅਤੇ ਉਹਨਾਂ ਦੀਆਂ ਗਲੱਾ ਅਜਿਹੀਆਂ ਸੋਹਣੀਆਂ ਹਨ ਅਤੇ ਸਿੱਖਿਆ ਅਜਿਹੀ ਚੰਗੀ ਹੈ ਕਿ ਤੁਹਾਨੂੰ ਵੀ ਜਾਕੇ ਦੇਖਣੀ ਚਾਹੀਦੀ ਹੈ । ਕਹਿੰਦੀ ਹਨ ਕਿ ਸ਼ੁਕਰ ਹੈ ਕਿ ਮੈਂ ਇਸ ਜਲਸੇ ਤੋਂ ਵਾਂਝੀ ਨਹੀਂ ਰਹੀ ।

ਫਿਰ ਬਲੇਜ਼ ਜਿਸ ਵਿੱਚ ਇਸ ਵਾਰ ਜਮਾਤ ਕਾਇਮ ਹੋਈ ਹੈ । ਓਥੋਂ ਦੀ ਇਕ ਮਰੱਯਮ ਜਨਰਲਿਸਟ ਮਰਯੱਮ ਅਬਦਲ ਸਾਹਿਬਾ ਆਈ ਹੋਈ ਸਨ । ਇਹ ਬਲੇਜ਼ ਦੇ ਕਰੇਮ ਟੀ.ਵੀ. ਦੀ ਪ੍ਰਸਿਧ ਐਂਕਰ ਵੀ ਹਨ । ਜਲਸੇ ਵਿੱਚ ਸ਼ਾਮਲ ਹੋਕੇ ਆਪਣੇ ਅਨੁਭਵਾਂ ਦਾ ਪ੍ਰਗਟਾਵਾ ਕਰਦਿਆਂ ਹੋਇਆ ਕਿਹਾ ਕਿ ਜਮਾਤ ਅਹਮਦੀਆ ਦੇ ਜਲਸਾ ਸਲਾਨਾ ਵਿੱਚ ਭਾਗ ਲੈਣ ਦਾ ਤਜਰਬਾ ਮੇਰੀ ਸੰਭਾਵਨਾਵਾਂ ਤੋਂ ਕਿਤੇ ਅਧਿਕ ਚੰਗਾ ਰਿਹਾ । ਡਿਊਟੀ'ਤੇ ਲੱਗੇ ਸਾਰੇ ਲੋਕ ਬਹੁਤ ਸਨੇਹ ਤੇ ਸਨਮਾਨ ਸਹਿਤ ਪੇਸ਼ ਆਏ । ਕਹਿੰਦੀ ਹਨ ਕਿ ਜਮਾਤ ਦੇ ਮਾਟੋ 'ਪ੍ਰੇਮ ਸਾਰਿਆਂ ਲਈ ਨਫ਼ਰਤ ਕਿਸੇ ਤੋਂ ਨਹੀਂ' ਨੇ ਮੇਰੇ ਉਪੱਰ ਬਹੁਤ ਚੰਗਾ ਪ੍ਰਭਾਵ ਛੱਡਿਆ ਹੈ । ਮੈਂ ਇਸ ਮਾਟੋ ਉਪੱਰ ਬਹੁਤ ਵਿਚਾਰ ਕੀਤਾ ਅਤੇ ਬੀਤੇ ਕਈ ਦਿਨਾਂ ਵਿੱਚ ਮੈਂਨੂੰ ਹਰ ਪਾਸੇ ਕੇਵਲ ਤੇ ਕੇਵਲ ਮੁਹਬੱਤ ਹੀ ਦੇਖਣ ਨੂੰ ਮਿਲੀ । ਇਸ ਜਮਾਤ ਨੇ ਮੈਨੂੰ ਬਹੁਤ ਕੁਝ ਦਿੱਤਾ ਹੈ ਮੈਂ ਇਸ ਦੀ ਧੰਨਵਾਦੀ ਹਾਂ ਅਤੇ ਇਸ ਨੂੰ ਸਦਾ ਚੇਤੇ ਰੱਖਾਂਗੀ ।......

ਸੀਰਾਲੀਉਨ ਤੋਂ ਆਉਣ ਵਾਲੇ ਜੱਥੇ ਵਿੱਚ ਡਾ. ਉਸਮਾਨ ਫ਼ੋਫ਼ਾ ਸਾਹਬ ਜੋ ਇੰਟਰ ਰਿਲੀਜੀਯਸ ਕੌਂਸਲ ਸੀਰਾਲੀਉਨ ਦੇ ਜਨਰਲ ਸੈਕ੍ਰੇਟਰੀ ਹਨ । ਫਿਰ ਇਕ ਪ੍ਰੋਫ਼ੈਸਰ ਕਰੀਮ ਸਾਹਬ ਯੂਨੀਵਰਸਿਟੀ ਵਿੱਚ ਸਾਈਂਸ ਵਿਭਾਗ ਦੇ ਹੈਡ ਹਨ ਅਤੇ ਸੀਰਾਲੀਉਨ ਮੁਸਲਿਮ ਕਾਂਗ੍ਰੈਸ ਦੇ ਜਨਰਲ ਸੈਕ੍ਰੇਟਰੀ ਹਨ । ਫਿਰ ਏਂਬੂਬੈਂਕੋਰ ਸਾਹਬ ਜੋ ਦੇਸ਼ ਦੀ ਰਾਜਧਾਨੀ ਫ਼ਰੀ ਟਾਊਨ ਵਿੱਚ ਰੋਲਿੰਗ ਪਾਰਟੀ ਦੇ ਚੇਅਰਮੈਨ ਹਨ । ਇਹ ਜੋ ਬੈਂਕੋਰ ਸਾਹਬ ਹਨ ਇਹਨਾਂ ਨੇ ਅਲੱਾਹ ਤਆਲਾ ਦੀ ਅਪਾਰ ਮਿਹਰ ਨਾਲ ਬੈਅਤ ਵੀ ਕਰ ਲਈ ਹੈ । ਇਹ ਕਹਿੰਦੇ ਹਨ ਕਿ ਮੁਲਾਕਾਤ ਸਮੇਂ ਇਹਨਾ ਨੇ ਦੱਸਿਆ ਕਿ ਜਲਸਾ ਸਾਲਾਨਾ ਦੀ ਕਾਰਵਾਈ ਸੀਰਾਲੀਉਨ ਦੇ ਟੀ.ਵੀ. ਚੈਲਨ ਨੇ ਲਾਈਵ ਨਸ਼ਰ ਕੀਤੀ ਹੈ ਅਤੇ ਦੇਸ਼ ਦੇ ਰਾਸ਼ਟਰ ਪਤੀ ਨੇ ਵੀ ਜਲਸੇ ਦੀ ਕਾਰਵਾਈ ਦੇਖੀ ਹੈ । ਜੱਦ ਟੋਮੀਕੋਲੋਂ ਸਾਹਬ ਨੇ ਭਾਸ਼ਣ ਖ਼ਤਮ ਕੀਤਾ ਤਾਂ ਰਾਸ਼ਟਰਪਤੀ ਨੇ ਜਲਸੇਗਾਹ ਵਿੱਚ ਆਪਣੇ ਜੱਥੇ ਨੂੰ ਫ਼ੋਨ ਕਰਕੇ ਜਲਸੇ ਦੀ ਮੁਬਾਰਕਬਾਦ ਦਿੱਤੀ ।

ਇਸ ਸਾਲ ਟੇਨੀਡਾਡ  ਅਤੇ ਟੋਬਾਗੋ ਦੇ ਮਨਿਸਟਰ ਆਫ਼ ਲੀਗਲ ਅਫ਼ੇਅਰ ਮਿਸਟਰ ਪ੍ਰਕਾਸ਼ ਰਮਾਦਾਰ ਵੀ ਸ਼ਾਮਲ ਹੋਏ । ਕਹਿੰਦੇ ਹਨ ਕਿ ਕੰਮਿਯੂਨਿਟੀ ਦੇ ਮੈਂਬਰਜ਼ ਦਾ ਖ਼ਲੀਫ਼ਾਤੁਲ ਮਸੀਹ ਲਈ ਜੋ ਪਿਆਰ ਸੀ ਮਨੁੱਖ ਉਸ ਨੂੰ ਸ਼ਬਦਾਂ ਵਿੱਚ ਵਰਨਣ ਨਹੀਂ ਕਰ ਸਕਦਾ । ਜਿੱਥੋ ਤੱਕ ਜਲਸੇ ਦੀ ਗੱਲ ਹੈ ਹਰ ਚੀਜ਼ ਜ਼ਬਰਦਸਤ ਸੀ । ਓਥੇ ਕੰਮ ਕਰਨ ਵਾਲਿਆਂ ਦਾ ਆਚਰਣ ਤੇ ਜਜ਼ਬਾ ਉਸਦੀ ਸਚੱਾਈ ਉਪੱਰ ਸਾਖੀ ਸੀ ਕਿ ਇਹ ਜਮਾਤ ਕਿਸੇ ਮਨੁੱਖ ਦੀ ਬਣਾਈ ਹੋਈ ਜਮਾਤ ਨਹੀਂ ਹੈ, ਸਗੋਂ ਇਸ ਜਮਾਤ ਦੇ ਪਿੱਛੇ ਰੱਬ ਦਾ ਹੱਥ ਹੈ । ਜਲਸੇ ਵਿੱਚ ਸ਼ਾਮਲ ਹੋਕੇ ਕਹਿੰਦੇ ਹਨ ਕਿ ਮੈਂ ਜਲਸੇ ਵਿੱਚ ਸ਼ਾਮਲ ਹੋਕੇ ਅੰਦਰੋਂ ਹਿਲ ਗਿਆ ਹਾਂ ਮੇਰੇ ਲਈ ਦੁਆ ਕਰੋ ਕਿ ਅਲੱਾਹ ਤਆਲਾ ਮੈਂਨੂੰ ਈਮਾਨਦਾਰੀ, ਵਿਨਮ੍ਰਤਾ ਅਤੇ ਸਾਦਗੀ ਨਾਲ ਜੀਵਨ ਲੰਘਾਉਣ ਦਾ ਬਲ ਬਖ਼ਸ਼ੇ ।

ਮੈਕਸੀਕੋ ਤੋਂ ਇਕ ਇਸਤਰੀ ਗਿਯਾਨਾ ਲੂਪੀਜ਼ ਰੇਖੂਨ ਕਹਿੰਦੀ ਹਨ ਕਿ ਮੈਂਨੂੰ ਇਸ ਜਲਸੇ ਨੇ ਅਨੇਕਾਂ ਚੀਜਾਂ ਸਿਖਾਈਆਂ ਹਨ । ਮੇਰੇ'ਤੇ ਨ ਕੇਵਲ ਆਪਣੇ ਜੀਵਨ ਦੀ ਸਚੱਾਈ ਸਿੱਧ ਹੋਈ ਹੈ ਸਗੋਂ ਮੁਸਲਮਾਨ ਦੁਨੀਆ ਦੀ ਵਰਤਮਾਨ ਅਵਸਥਾ ਦੇ ਕਾਰਣਾਂ ਦਾ ਵੀ ਗਿਆਨ ਹੋਇਆ ਹੈ । ਇਸ ਤੋਂ ਪਹਿਲਾਂ ਇਕ ਕੰਮਿਯੂਨਿਟੀ ਦਾ ਪਤਾ ਲੱਗਿਆ ਸੀ ਕਿ ਉਹ ਬਹੁਤ ਠੋਸ ਹੈ ਅਤੇ ਵੱਖ ਵੱਖ ਦੇਸ਼ਾਂ ਵਿਚ ਸੈਂਟਰ ਹਨ ਪਰ ਹੁਣ ਜਲਸੇ ਵਿੱਚ ਸ਼ਾਮਲ ਹੋਕੇ ਮੈਂਨੂੰ ਅਨੁਮਾਨ ਹੋਇਆ ਹੈ ਕਿ ਅਵਸ਼ ਹੀ ਉਹ ਜਮਾਤ ਅਹਮਦੀਆ ਵਾਂਗ ਇਕਜੁਟ ਨਹੀਂ ਹੈ ਅਤੇ ਨ ਹੀ ਉਹ ਕੰਮਿਯੂਨਿਟੀ ਜਮਾਤ ਅਹਮਦੀਆ ਵਾਂਗ ਫੈਲੀ ਹੋਈ ਹੈ । ਪਹਿਲਾਂ ਮੈਂ ਸਮਝਦੀ ਸੀ ਕਿ ਜਿਸ ਫ਼ਿਰਕੇ ਨਾਲ ਮੇਰਾ ਸੰਬੰਧ ਹੈ ਉਹੋ ਹੀ ਠੀਕ ਹੈ ਪਰ ਜਲਸਾ ਸਾਲਾਨਾ ਦੇ ਭਾਸ਼ਣਾ ਰਾਹੀਂ ਮੈਂਨੂੰ ਜਾਨਕਾਰੀ ਹੋਈ ਕਿ ਐਥੇ

ਰਸੂਲੇ ਕਰੀਮ ਸਲਲੱਾਹੁ ਅਲੈਹਿ ਵਸਲੱਮ ਦੇ ਪਦਚਿੰਨ੍ਹਾ ਉਪੱਰ ਅਮਲ ਹੁੰਦਾ ਹੈ । ਮੈਂ ਦੁਆ ਕਰਦੀ ਸੀ ਕਿ ਹੇ, ਅਲੱਾਹ ! ਮੈਨੂੰ ਚੰਗੇ ਲੋਕਾਂ ਵਿੱਚ ਸ਼ਾਮਲ ਕਰ ਅਤੇ ਸੱਚੀ ਖ਼ਿਲਾਫ਼ਤ ਰਾਹੀਂ ਮੇਰੀ ਰਹਿਨੁਮਾਈ ਕਰ, ਮੈਨੂੰ ਤੌਫ਼ੀਕ ਬਖ਼ਸ਼ ਕਿ ਮੈਂ ਆਪਣੀਆਂ ਸਮਰਥਾਵਾਂ ਇਸਲਾਮ ਦੇ ਪ੍ਰਚਾਰ ਲਈ ਵਰਤ ਸਕਾਂ ਅਤੇ ਲੋੜਵੰਦਾ ਦੇ ਕੰਮ ਆ ਸਕਾਂ । ਹੁਣ ਮੈਂ ਸਮਝਦੀ ਹਾਂ ਕਿ ਅਲੱਾਹ ਤਆਲਾ ਨੇ ਮੇਰੀ ਦੁਆ ਕੁਬੂਲ ਕਰ ਲਈ ਹੈ । ਹੁਣ ਮੈਨੂੰ ਜਮਾਤ ਅਹਮਦੀਆ ਵਿੱਚ ਸਾਮਲ ਹੋਣ ਦੀ ਤੌਫ਼ੀਕ ਦਿੱਤੀ ਹੈ ।

ਬੇਲੇਜ਼ ਤੋਂ ਇਕ ਨਵੇਂ ਅਹਮਦੀ ਐਵਨ ਵਾਰਨ ਜਿਨ੍ਹਾ ਦਾ ਇਸਲਾਮੀ ਨਾਂ ਹਮਜ਼ਾ ਰਸ਼ੀਦ ਹੈ ਕਹਿੰਦੇ ਹਨ ਕਿ ਇਹਨਾਂ ਤਿੰਨਾ ਦਿਨਾਂ ਵਿੱਚ ਮੈਨੂੰ ਜਮਾਤ ਦੇ ਵਿਸਥਾਰ ਬਾਰੇ ਜਾਣਕਾਰੀ ਮਿਲੀ ਹੈ । ਇਸ ਜਲਸੇ ਦੀ ਵਿਵਸਥਾ ਤੇ ਨਿਰੰਤਰਤਾ ਆਪਣੇ ਅੰਦਰ ਇਕ ਜਾਦੁਈ ਪ੍ਰਭਾਵ ਰੱਖਦੀ ਹੈ । ਮੈਂ ਇਸ ਜਲਸੇ ਵਿੱਚ ਅੱਸੀ ਤੋਂ ਵੱਧ ਦੇਸ਼ਾਂ ਤੋਂ ਆਉਣ ਵਾਲੇ ਵੱਖ ਵੱਕ ਤਬਕਿਆਂ ਦੇ ਲੋਕਾਂ ਨੂੰ ਦੇਖਿਆ ਜਿੰਨ੍ਹਾ ਵਿੱਚ ਨਿਰਧਨ ਵੀ ਸਨ ਧੰਨਵਾਨ ਵੀ ਸਨ ਸਿਆਸਤਦਾਨ ਵੀ ਸਨ ਅਤੇ ਰਾਜਕੀ ਪਧੱਰ ਦੇ ਲੀਡਰ ਵੀ ਸਨ । ਇਸ ਜਲਸੇ ਦੀ ਸਫ਼ਲਤਾ ਲਈ ਅਸੰਖ ਸਵੈ ਸੇਵਕਾਂ ਨੇ ਕੰਮ ਕੀਤਾ ਅਤੇ ਮਹਿਮਾਨ ਨਵਾਜ਼ੀ ਬਹੁਤ ਉਤੱਮ ਸੀ । ਮਾਰਸ਼ਲ ਆਈਲੈਂਡ ਦੀ ਸਦਰ 'ਲਜਨਾ ਮੇਰੀ ਰੇਂਥਾ ਜਵਾਨੀ' ਇਹ ਵੀ ਨਵੀਂ ਅਹਮਦੀ ਹਨ । ਕਹਿੰਦੀ ਹਨ ਅਲੱਾਹ ਦੀ ਮਿਹਰ ਨਾਲ ਜਲਸਾ ਸਾਲਾਨਾ ਮੇਰੇ ਲਈ ਇਕ ਬਹੁਤ ਵੱਡੀ ਨੇਮਤ ਸੀ । ਜੱਦ ਤੋਂ ਏਧਰ ਆਈ ਹਾਂ ਮੈਂ ਆਪਣੇ ਭਾਈ ਭੈਣਾ ਵਿੱਚ ਪਿਆਰ ਤੇ ਸਨੇਹ ਅਤੇ ਇਕ ਦੂਜੇ ਲਈ ਕਸ਼ਟ ਦਾ ਅਨੁਭਵ ਹੀ ਦੇਖਿਆ । ਇਹਨਾਂ ਤੋਂ ਗੱਲ ਕਰਕੇ ਅਜਿਹਾ ਹੁੰਦਾ ਸੀ ਜਿਵੇਂ ਅਸੀਂ ਪਹਿਲਾਂ ਤੋਂ ਹੀ ਇਕ ਦੂਜੇ ਨੂੰ ਜਾਣਦੇ ਹਾਂ । ਕਹਿੰਦੀ ਹਨ ਜਮਾਤ ਦੇ ਮਾਟੋ 'ਪ੍ਰੇਮ ਸਾਰਿਆਂ ਲਈ, ਨਫ਼ਰਤ ਕਿਸੇ ਤੋਂ ਨਹੀਂ' ਦਾ ਪ੍ਰਗਟਾ ਹੁੰਦਿਆਂ ਦੇਖਿਆ ।

ਫਿਰ ਕਹਿੰਦੀ ਹਨ ਕਿ ਮੇਰੇ ਭਾਸ਼ਣਾ ਬਾਰੇ ਕਿ ਇਕ ਅਦਭੁੱਤ ਜਿਹਾ ਅਨੁਭਵ ਹੁੰਦਾ ਸੀ ਅਤੇ ਹਰ ਇਕ ਸ਼ਬਦ ਉਪੱਰ ਮੇਰੇ ਹੰਝੂ ਵਹਿ ਤੁਰਦੇ ਸਨ, ਮੈਂ ਆਪਣੇ ਜਜ਼ਬਾਤ ਬਿਆਨ ਨਹੀਂ ਕਰ ਸਕਦੀ । ਫ਼ਿਰ ਆਲਮੀ ਬੈਅਤ ਦੀ ਦ੍ਰਿਸ਼ ਵੀ ਮਨਮੋਹਕ ਤੇ ਪ੍ਰਭਾਵ ਰੱਖਣ ਵਾਲਾ ਸੀ । ਕਹਿੰਦੀ ਹਨ ਇਸ ਵਿੱਚ ਕੋਈ ਸੰਦੇਹ ਨਹੀਂ ਕਿ ਮੈਂ ਜਲਸੇ ਵਿੱਚ ਸ਼ਮਾਲ ਹੋਣ ਦੇ ਬਾਦ ਪਹਿਲੇ ਦੀ ਤੁਲਨਾ ਵਿੱਚ ਰੱਬ ਦੇ ਕਰੀਬ ਹੋਈ ਹਾਂ । ......

ਮੈਕਸੀਕੋ ਦੇ ਇਕ ਨਵੇਂ ਅਹਮਦੀ ਬਸ਼ੀਰ ਕੋਯਾ ਸੋ ਸਾਹਬ ਕਹਿੰਦੇ ਹਨ ਕਿ ਦੁਨੀਆ ਦੇ ਵੱਖ ਵੱਖ ਦੇਸ਼ਾਂ ਤੋਂ ਸੰਬੰਧ ਰਖੱਣ ਵਾਲੇ ਲੋਕ ਖ਼ਲੀਫ਼ਾਤੁਲ ਮਸੀਹ ਦੀ ਮੁਹਬੱਤ ਅਤੇ ਫ਼ਿਦਾ ਹੋਣ ਦੀ ਭਾਵਨਾ ਨਾਲ ਭਰਪੂਰ ਸਨ ਜੋ ਲਾਸਾਨੀ ਸੀ । ਜਲਸੇ ਦੇ ਸਵੈ ਸੇਵਕ ਮਹਿਮਾਨਾ ਦੀ ਨਿਹਫਲ ਸੇਵਾ ਅਤਿਅੰਤ ਕੁਰਬਾਨੀ ਦੀ ਭਾਵਨਾ ਨਾਲ ਕਰ ਰਹੇ ਸਨ । ਜਮਾਤ ਅਹਮਦੀਆ ਦੁਨੀਆ ਵਿੱਚ ਇਕ ਉਧਾਰਣ ਯੋਗ ਜਮਾਤ ਹੈ ਜੋ ਹਕੀਕੀ ਇਸਲਾਮ ਦੇ ਪੱਖ ਦੁਨੀਆ ਸਾਹਮਣੇ ਰੱਖ ਰਹੀ ਹੈ ।

ਮੈਕਸੀਕੋ ਦੇ ਨਵੇਂ ਅਹਮਦੀ ਇਬਰਾਹੀਮ ਚਰਚਲ ਸਾਹਬ ਜੋ ਆਪਣੇ ਸਤੱਰ ਅਨੁਯਾਈਆਂ ਨਾਲ ਜਮਾਤ ਵਿੱਚ ਸਾਮਲ ਹੋਏ । ਕਹਿੰਦੇ ਹਨ ਮੇਰੇ ਮਨ ਨੇ ਅਨੁਭਵ ਕੀਤਾ ਕਿ ਜਲਸੇ ਦੇ ਦਿਨਾਂ ਵਿੱਚ ਅਸੰਖ ਮਿਹਰਾਂ ਤੇ ਬਰਕਤਾਂ ਨਾਜ਼ਲ ਹੋ ਰਹੀਆਂ ਹਨ ਅਤੇ ਖ਼ਿਲਾਫ਼ਤ ਦੀ ਛਾਂ ਹੇਠ ਦੁਨੀਆ ਦੇ ਭਿੰਨ ਭਿੰਨ ਰੰਗਾ ਤੇ ਨਸਲਾਂ ਦੀਆਂ ਕੌਮਾ ਆਪਸੀ ਮਿਲਵਰਤਨ ਤੇ ਭਾਈਚਾਰੇ ਨਾਲ ਭਰਪੂਰ ਹਨ । ਕਹਿੰਦੇ ਹਨ ਖ਼ਲੀਫ਼ਾਤੁਲ ਮਸੀਹ ਦੇ ਭਾਸ਼ਣ ਨਾਲ ਜਿੱਥੇ ਮੇਰੇ ਗਿਆਨ ਵਿੱਚ ਵਾਧਾ ਹੋਇਆ ਓਥੇ ਮੈਨੂੰ ਮਨ ਦੀ ਸ਼ਾਂਤੀ ਨਸੀਬ ਹੋਈ । ਜਲਸੇ ਵਿੱਚ ਸ਼ਾਮਲ ਹਰ ਕੋਈ ਆਪਣੇ ਮੂੰਹਾਂ ਤੋਂ ਸਾਖੀ ਭਰ ਰਿਹਾ ਸੀ ਕਿ ਇਸਲਾਮ ਹੀ ਸਨੇਹ ਤੇ ਸਲਾਮਤੀ ਦਾ ਮਾਲਕ ਹੈ ਜਿਸਦੀ ਹਰ ਕੌਮ ਤੇ ਦੇਸ਼ ਨੂੰ ਲੋੜ ਹੈ । ......

ਫ਼੍ਰੈਂਚ ਗਿਯਾਨਾ ਤੋਂ ਇਕ ਸਜੱਣ ਮਿਸਟਰ ਡਿਉਇਯੂ ਆਬਦੂ ...... ਆਏ ਸਨ । 2008 ਈ. ਵਿੱਚ ਉਹਨਾਂ ਨੇ ਬੈਅਤ ਕੀਤੀ ਸੀ । ਜਲਸੇ ਵਿੱਚ ਪਹਿਲੀ ਵਾਰ ਸ਼ਾਮਲ ਹੋਏ । ਕਹਿੰਦੇ ਹਨ ਮੈਂ ਪੈਦਾਇਸ਼ੀ ਮੁਸਲਮਾਨ ਸੀ । ਮੈਂ ਫ਼੍ਰੈਂਚ ਗਿਯਾਨਾ ਵਿੱਚ ਸਭ ਤੋਂ ਪਹਿਲਾਂ ਬੈਅਤ ਕੀਤੀ ਪਰ ਅੱਜ ਜਲਸਾ ਸਾਲਾਨਾ ਵਿੱਚ ਸ਼ਾਮਲ ਹੋਕੇ ਮੈਨੂੰ ਅਨੁਭਵ ਹੋਇਆ ਕਿ ਅਸਲ ਸਚੱਾ ਇਸਲਾਮ ਕੀ ਹੈ । ਮੈਨੂੰ ਅਹਮਦੀਅਤ ਦੀ ਸਚੱਾਈ ਅਤੇ ਖ਼ਲੀਫ਼ਤੁਲ ਮਸੀਹ ਦੀ ਮਹਤੱਾ ਦਾ ਹੁਣ ਅੰਦਾਜ਼ਾ ਹੋਇਆ ਹੈ । ਕਹਿੰਦੇ ਹਨ ਖ਼ਲੀਫ਼ਤੁਲ ਮਸੀਹ ਨੇ ਜੀਵਨ ਬਿਤਾਉਣ ਦੇ ਮਾਰਗ ਦੱਸੇ । ਹਰ ਇਕ ਮਨੁੱਖ ਉਹਨਾਂ ਮਾਰਗਾਂ 'ਤੇ ਚੱਲ ਕੇ ਰੱਬ ਦੀ ਖ਼ੁਸ਼ੀ ਹਾਸਲ ਕਰ ਸਕਦਾ ਹੈ ।

ਫਿਰ ਮਾਲੀ ਤੋਂ ਡਾ. ਕਾਇਤਾਮ ਮਲੱਾ ਸਾਹਬ ਆਏ ਸਨ, ਉਹਨਾਂ ਨੇ ਜਲਸੇ'ਤੇ ਬੈਅਤ ਕੀਤੀ ਹੈ ਕਹਿੰਦੇ ਹਨ ਕਿ ਜਲਸੇ ਦੌਰਾਨ ਜੋ ਮੇਰੇ ਅਨੁਭਵ ਸਨ ਉਹ ਜੀਵਨ ਵਿੱਚ ਪਹਿਲੀ ਵਾਰ ਪੈਦਾ ਹੋਏ ਸਨ । ਪਹਿਲੀ ਵਾਰ ਏਧਰ ਆਇਆ ਹਾਂ ਅਤੇ ਹੁਣ ਇਹ ਨਿਸ਼ਚਾ ਲੈਕੇ ਜਾ ਰਿਹਾ ਹਾਂ ਕਿ ਭਵਿੱਖ ਵਿੱਚ ਸਦਾ ਜਲਸੇ ਵਿੱਚ ਆਵਾਂਗਾ ਭਾਵੇਂ ਵੈਰੀ ਪੂਰੇ ਜਤਨ ਕਰ ਲਏ । ਫਿਰ ਕਹਿੰਦੇ ਹਨ ਵੈਰੀ ਭਾਂਵੇਂ ਪੂਰਾ ਜਤਨ ਕਰ ਲਏ ਉਹ ਇਸ ਜਲਸੇ ਦੀ ਤੁਲਜਾ ਵਿੱਚ ਤੁੱਛ ਵੀ ਪ੍ਰਬੰਧ ਨਹੀਂ ਕਰ ਸਕਦੇ । ਮੇਰੇ ਵਿਚਾਰ ਵਿੱਚ ਤਾਂ ਯੂਨਾਈਟਡ ਨੇਸ਼ਨ ਜਿਹੀ ਵੱਡੀਆਂ ਸ਼ਕਤੀਆਂ ਵੀ ਅਜਿਹਾ ਪ੍ਰਬੰਧ ਨਹੀਂ ਕਰ ਸਕਦੀਆ । ਜਮਾਤ ਅਹਮਦੀਆ ਅਸਲ ਵਿੱਚ ਇਕ ਵਾਸਤਵਿਕਤਾ ਤੇ ਸਚੱਾਈ ਹੈ । ਇਸੇ ਕਰਕੇਕ ਮੈਂ ਅਮਹਦੀਅਤ ਨੂੰ ਦਿਲ ਦੀਆਂ ਢੂੰਘਿਆਈਆਂ ਤੋਂ ਕ਼ਬੂਲ ਕੀਤਾ ਹੈ ।

ਇਸ ਵਾਰ ਅਲੱਾਹ ਤਆਲਾ ਦੀ ਮਿਹਰ ਨਾਲ ਕੇਂਦਰੀ ਪ੍ਰੈਸ ਟੀਮ ਤੇ ਯੂ.ਕੇ. ਪ੍ਰੈਸ ਟੀਮ ਨੇ ਬਹੁਤ ਚੰਗਾ ਕੰਮ ਕੀਤਾ ਹੈ । ਇਸ ਸਾਲ ਪਹਿਲੀ ਵਾਰ ਜਲਸਾ ਸਾਲਾਨਾ ਦੀ ਕਵਰੇਜ ਚੰਗੇ ਢੰਗ ਨਾਲ ਹੋਈ ਹੈ ਅਤੇ ਅਹਮਦੀਅਤ ਅਰਥਾਤ ਹਕੀਕੀ ਇਸਲਾਮ ਦਾ ਸੰਦੇਸ਼ ਦੁਨੀਆ ਨੂੰ ਪਹੁੰਚਿਆ ਹੈ । ਕੇਂਦਰੀ ਪ੍ਰੈਸ ਟੀਮ ਦੇ ਰਾਬਤਿਆਂ ਕਰਕੇ ਦੂਜੇ ਦੇਸ਼ਾਂ ਦੀ ਪ੍ਰੈਸ ਤੇ ਮੀਡੀਆ ਦੇ ਲੋਕ ਵੀ ਆਏ । ਉਹਨਾਂ ਦੇ ਵੀ ਚੰਗੇ ਪ੍ਰਭਾਵ ਸਨ ਜਿਵੇਂ ਕਿ ਮੈਂ ਵਿਚਾਰਾਂ ਵਿੱਚ ਵਰਨਣ ਕਰ ਚੁੱਕਿਆ ਹਾਂ । ਪ੍ਰੈਸ ਰਾਹੀਂ ਲਗਭਗ 13 ਮਿਲੀਯਨ ਲੋਕਾਂ ਤੱਕ ਯੂ.ਕੇ. ਵਿੱਚ ਹੀ ਸੰਦੇਸ਼ ਪਹੁੰਚਿਆ ਹੈ ਅਤੇ ਅਨੇਕਾਂ ਹੋਰ ਜੋ ਆਰਟੀਕਲ ਲਿੱਖ ਰਹੇ ਹਨ ਜੋ ਖ਼ਬਰਾਂ ਆ ਰਹੀਆਂ ਹਨ ਉਹਨਾਂ ਦੀ ਅਜੇ ਸੂਚਨਾ ਨਹੀਂ ਆਈ । ਇਕ ਅੰਦਾਜ਼ੇ ਅਨੁਸਾਰ ਬਾਹਰ ਦੀ ਦੁਨੀਆ ਵਿੱਚ ਵੀ ਲਗਭਗ 12-13 ਮਿਲੀਯਨਜ਼ ਲੋਕਾਂ ਤੱਕ ਇਸ ਰਾਹੀਂ ਸੰਦੇਸ਼ ਪਹੁੰਚਿਆ ਤੇ ਇਸਲਾਮ ਬਾਰੇ ਜਾਨਕਾਰੀ ਤੇ ਸਿੱਖਿਅ ਪਹੁੰਚੀ ਹੈ ।

ਇਸੇ ਪ੍ਰਕਾਰ ਇਕ ਅਹਮਦੀ ਜਿਸ ਨਾਲ ਇਕ ਹੋਰ ਜਨਰਲਿਸਟ ਸੀ, ਦੋ ਗੱਲਾ ਅਜਿਹੀਆਂ ਹੋਈਆਂ ਹਨ ਕਿ ਓਸ ਨੂੰ ਇਕ ਅਹਮਦੀ ਨੇ ਕਿਹਾ ਕਿ ਇਸ ਇਸਤਰੀ ਨੂੰ ਕਹੋ ਕਿ ਸਾਡੇ ਵਾਤਾਵਰਣ ਵਿੱਚ ਸਿਰ ਢਕੱਣਾ ਜ਼ਰੂਰੀ ਹੈ । ਆਪਣਾ ਸਿਰ ਢਕੇ । ਅਜਿਹੇ ਪੁਰਸ਼ਾਂ ਨੂੰ ਮੈਂ ਕਹਾਂਗਾ ਕਿ ਆਪ ਲੋਕ ਪਹਿਲਾਂ ਆਪਣੇ ਘਰਾਂ ਨੂੰ ਸੰਭਾਲ ਲੈਣ ਦੁਨੀਆ ਦਾ ਆਪਣੇ ਆਪ ਸੁਧਾਰ ਹੋ ਜਾਵੇਗਾ । ਇਹੋ ਕਾਰਜ ਹਨ ਜੋ ਫਿਰ ਇਸਲਾਮ ਤੋਂ ਦੂਰ ਕਰਦੇ ਹਨ । ਇਸੇ ਪ੍ਰਕਾਰ ਅਲੱਾਹ ਤਆਲਾ ਦੀ ਮਿਹਰ ਨਾਲ ਐਮ.ਟੀ.ਏ. ਵੀ ਜਲਸੇ ਦੇ ਪ੍ਰੋਗ੍ਰਮਾ ਨੂੰ ਆਪਣਿਆਂ ਤੇ ਹੋਰਨਾ ਤੱਕ ਪਹੁੰਚਾਉਣ ਵਿੱਚ ਬਹੁਤ ਵੱਡਾ ਕਿਰਦਾਰ ਕਰਦਾ ਹੈ । ਇਸ ਸਾਲ ਉਸ ਦਾ ਵੀ ਹਮੇਸ਼ਾਂ ਵਾਂਗ ਬਹੁਤ ਚੰਗਾ ਕਿਰਦਾਰ ਰਿਹਾ । ਜਿੱਥੇ ਇਸ ਰਾਹੀਂ ਜਲਸੇ ਦੀ ਕਾਰਵਾਈ ਦੇਖਣ ਵਾਲੇ ਅਹਮਦੀਆਂ ਨੇ ਖ਼ੁਸ਼ੀ ਤੇ ਧੰਨਵਾਦ ਦਾ ਪ੍ਰਗਟਾਵਾ ਕੀਤਾ ਓਥੇ ਗ਼ੈਰਾਂ ਨੇ ਵੀ ਇਸ ਬਾਰੇ ਬਹੁਤ ਚੰਗੇ ਵਿਚਾਰਾਂ ਦਾ ਪ੍ਰਗਟਾ ਕੀਤਾ । ਅਰਬ ਵਾਸੀਆਂ ਨੇ ਜੋ ਜਮਾਤ ਵਿੱਚੋਂ ਨਹੀਂ ਹਨ ਨੇ ਵੀ ਚੰਗੇ ਵਿਚਾਰਾਂ ਦਾ ਪ੍ਰਗਟਾ ਕਰਦਿਆਂ ਹੋਇਆ ਸੰਦੇਸ਼ ਭੇਜੇ ਹਨ ਸਗੋਂ ਇੱਥੋਂ ਤੱਕ ਕਿਹਾ ਹੈ ਕਿ ਵਾਸਤਵਿਕ ਇਸਲਾਮ ਇਹੋ ਹੈ ਜਿਸ ਦੀ ਦੁਨੀਆ ਨੂੰ ਲੋੜ ਹੈ ਜੋ ਜਮਾਤ ਅਹਮਦੀਆ ਫੈਲਾ ਰਹੀ ਹੈ ਅਤੇ ਇਹ ਵੀ ਕਿਹਾ ਕਿ ਇਹੋ ਹਕੀਕੀ ਖ਼ਿਲਾਫ਼ਤ ਦਾ ਨਿਜ਼ਾਮ (ਵਿਵਸਥਾ) ਹੈ ਜਿਸ ਦੀ ਅੱਜ ਉਮੱਤੇ ਮੁਸਲਿਮਾ ਨੂੰ ਲੋੜ ਹੈ ।

ਫਿਰ ਇਸ ਸਾਲ ਐਮ.ਟੀ.ਏ. ਦੇ ਜੋ ਜਲਸੇ ਦੇ ਪ੍ਰੋਗ੍ਰਾਮ ਸਨ ਪ੍ਰਤੀ ਦਿਨ ਕੁਝ ਘੰਟਿਆਂ ਲਈ ਜਲਸੇ ਦੇ ਤਿੰਨਾ ਦਿਨਾ ਦੇ ਪ੍ਰੋਗ੍ਰਾਮ ਘਾਨਾ ਦੇ ਨੈਸ਼ਨਲ ਟੀ.ਵੀ., ਸੀਰਾਲੀਉਨ ਦੇ ਨੈਸ਼ਨਲ ਟੀ.ਵੀ. ਅਤੇ ਨਾਈਜੀਰੀਯਾ ਦੇ ਇਕ ਪ੍ਰਾਈਵੇਟ ਟੀਵੀ ਚੈਨਲ ਨੇ ਵੀ ਦਿਖਾਏ । ਇਸ ਦਾ ਬਹੁਤ ਚੰਗਾ ਪ੍ਰਭਾਵ ਪਿਆ । ਇਹਨਾ ਖੇਤਰਾਂ ਤੇ ਦੇਸ਼ਾਂ ਵਿੱਚ ਬਹੁਤ ਚੰਗਾ ਫ਼ੀਡਬੈਕ ਹੈ ਕਿ ਇਹ ਦੇਖ ਕੇ ਸਾਨੂੰ ਜਮਾਤ ਅਹਮਦੀਆ ਬਾਰੇ ਅਤੇ ਇਸਲਾਮ ਦੀ ਸਚੱਾਈ ਬਾਰੇ ਜਾਣਕਾਰੀ ਮਿਲੀ ਹੈ । ਇਸ ਦੇ ਕਈ ਚੰਗੇ ਪ੍ਰਭਾਵਾਂ ਦੇ ਸੰਦੇਸ਼ ਮਿਲੇ ਹਨ । ਘਾਨਾ ਤੋਂ ਇਕ ਗ਼ੈਰ ਅਹਮਦੀ ਸਜੱਣ ਨੇ ਲਿਖਿਆ ਹੈ ਕਿ ਮੈਂ ਜਮਾਤ ਬਾਰੇ ਬਹੁਤ ਕੁਝ ਸੁਣ ਰੱਖਿਆ ਸੀ, ਪਰ ਜੱਦ ਮੈਂ ਘਾਨਾ ਟੀਵੀ ਉਪੱਰ ਆਪ ਦਾ ਪ੍ਰੋਗ੍ਰਾਮ ਦੇਖਿਆ ਤਾਂ ਮੈਂਨੂੰ ਬਹੁਤ ਹੈਰਾਨੀ ਹੋਈ ਕਿ ਜੋ ਸਾਨੂੰ ਸਾਡਾ ਲੋਕਲ ਇਮਾਮ ਗੱਲਾਂ ਦੱਸਦਾ ਹੈ ਉਹ ਸਭ ਝੂਠ ਹਨ । ਮੈਂ ਪਹਿਲੀ ਵਾਰ ਕਿਸੇ ਮੁਸਲਮਾਨ ਜਮਾਤ ਨੂੰ ਇਸ ਪ੍ਰਕਾਰ ਸੋਹਣੇ ਰੂਪ ਵਿੱਚ ਇਸਲਾਮ ਦੀ ਅਸਲ ਸਿੱਖਿਆ ਅਤੇ ਕਟੱੜਵਾਦ ਦੀ ਨਿਖੇਦੀ ਕਰਦਿਆਂ ਦੇਖਿਆ ਹੈ ।

ਫਿਰ ਕਹਿੰਦੇ ਹਨ ਇਸੇ ਪ੍ਰਕਾਰ ਇਹ ਰਿਪੋਰਟ ਲਿਖੱਣ ਵਾਲੇ ਨੇ ਲਿੱਖਿਆ ਕਿ ਇਕ ਅਮਹਦੀ ਸਜੱਣ ਕਹਿੰਦੇ ਹਨ ਕਿ ਮੈਂ ਘਾਨਾ ਟੀਵੀ ਉਪੱਰ ਆਪਣੀ ਗ਼ੈਰ ਅਹਮਦੀ ਭੈਣ ਨਾਲ ਜਲਸੇ ਦਾ ਪ੍ਰੋਗ੍ਰਾਮ ਦੇਖ ਰਿਹਾ ਸੀ, ਜਲਸੇ ਦੀ ਕਾਰਵਾਈ ਦੇਖ ਕੇ ਉਸ ਦੀ ਭੈਣ ਨੇ ਅਹਮਦੀ ਹੋਣ ਦਾ ਨਿਸ਼ਚਾ ਕਰ ਲਿਆ । ਫਿਰ ਇਹ ਕਹਿੰਦੇ ਹਨ ਕਿ ਮੈਂ ਪਹਿਲੀ ਵਾਰ ਆਲਮੀ ਬੈਅਤ ਦੇ ਦ੍ਰਿਸ਼ ਦਾ ਲਾਈਵ ਕਵਰੇਜ ਦੇਖਿਆ, ਇਕ ਅਹਮਦੀ ਨੇ ਲਿੱਖਿਆ ਮੈਂਨੂੰ ਆਪਣੇ ਅਹਮਦੀ ਹੋਣ ਉਪੱਰ ਬਹੁਤ ਫ਼ਖ਼ਰ ਸੀ, ਕਹਿੰਦੇ ਹਨ ਮੈਂ

ਆਪਣੇ ਕਈ ਇਸਾਈ ਮਿੱਤਰਾਂ ਨਾਲ ਬੈਠ ਕੇ ਇਹ ਪ੍ਰੋਗਯਾਮ ਦੇਖ ਰਿਹਾ ਸੀ, ਉਹ ਸਾਰੇ ਜਮਾਤ ਦੀ ਤਰੱਕੀ ਦੇਖ ਕੇ ਅਚੰਭੇ ਵਿੱਚ ਰਹਿ ਗਏ ।

ਫਿਰ ਸੀਰਾਲਿਊਨ ਤੋਂ ਇਕ ਇਸਾਈ ਸਜੱਣ ਫ਼੍ਰਾਂਸ ਫ਼ੋਰਬੀ ਕਹਿੰਦੇ ਹਨ ਕਿ ਆਪ ਦੇ ਜਲਸੇ ਦਾ ਪ੍ਰੋਗ੍ਰਾਮ ਅੱਜ ਸਵੇਰੇ ਮੇਰੇ ਲਈ ਬਹੁਤ ਬਰਕਤਾਂ ਵਾਲਾ ਸਿੱਧ ਹੋਇਆ । ਮੈਂ ਜਲਸੇ ਦੀ ਲਾਈਵ ਕਾਰਵਾਈ ਤੋ ਬਹੁਤ ਪ੍ਰਭਾਵਤ ਹੋਇਆ ਹਾਂ । ਧੰਨਵਾਦ । ਫਿਰ ਸੀਰਾਲਿਊਨ ਦੇ ਇਕ ਅਹਮਦੀ ਸਜੱਣ ਅਲਹਾਜ ਅਲੀ ਅਮਾਮੇ ਕਹਿੰਦੇ ਹਨ ਕਿ ਮੈਂ ਆਪਣੇ ਗਵਾਂਢੀਆਂ ਨੂੰ ਲਾਈਵ ਕਵਰੈਜ ਦਿਖਾਉਣ ਲਈ ਆਪਣੇ ਘਰ ਸੱਦਿਆ ਹੋਇਆ ਸੀ । ਮੈਂ ਦੇਖਿਆ ਕਿ ਸੀਰਾਲਿਊਨ ਦੇ ਅਧਿਕਤਰ ਲੋਕ ਜਲਸੇ ਦਾ ਲਾਈਵ ਪ੍ਰਸਾਰਣ ਦੇਖ ਰਹੇ ਸਨ । ਅਬੁਬਕਰ ਕੋਤੇ ਕਹਿੰਦੇ ਹਨ ਕਿ ਕਿੰਨ੍ਹਾ ਹੀ ਮਹਾਨ ਜਲਸਾ ਸੀ, ਅਲੱਾਹ ਤਆਲਾ ਇਸ ਜਮਾਤ ਨੂੰ ਸਾਰੀ ਦੁਨੀਆ ਵਿੱਚ ਫੈਲਾ ਦੇਵੇ ।

ਫ਼ਿਰੀ ਟਾਊਨ ਦੇ ਇਕ ਗ਼ੈਰ ਅਹਮਦੀ ਸਜੱਣ ਕਹਿੰਦੇ ਹਨ ਮੈਂ ਜਲਸੇ ਦਾ ਪ੍ਰਸਾਰਣ ਦੇਖਿਆ ਜੋ ਬਹੁਤ ਚੰਗਾ ਹੈ । ਇਕ ਸਜੱਣ ਨੇ ਲਿਖਿਆ ਕਿ ਮੈਂ ਆਪਣੇ ਗ਼ੈਰ ਅਹਮਦੀ ਮਿੱਤਰਾਂ ਨਾਲ ਜਲਸਾ ਸਾਲਾਨਾ ਦੀ ਕਾਰਵਾਈ ਦੇਖੀ, ਉਹ ਬਹੁਤ ਪ੍ਰਭਾਵਤ ਹੋਏ । ਨਾਈਜੀਰੀਯਾ ਦੇ ਟੀਵੀ ਨੇ ਵੀ ਇਸ ਵਾਰ ਇਹ ਪ੍ਰੋਗ੍ਰਾਮ ਦਿਖਾਇਆ । ਇਸ ਟੀਵੀ ਨੂੰ ਦੇਖਣ ਵਾਲਿਆਂ ਦੀ ਵੀ ਬਹੁਤ ਵੱਡੀ viewership ਹੈ, ਇਹਨਾਂ ਦਾ ਵਿਚਾਰ ਹੈ ਕਿ ਮਿਲੀਯੰਜ਼ ਦੀ ਗਿਣਤੀ ਵਿੱਚ ਲੋਕਾਂ ਨੇ ਇਸ ਜਲਸੇ ਦੇ ਪ੍ਰੋਗ੍ਰਾਮ ਦੇਖੇ ਤੇ ਸੁਣੇ ।

ਇਹ ਉਸ ਮੀਡੀਆ ਤੋਂ ਵੱਖਰਾ ਹੈ ਜਿਸ ਦਾ ਪ੍ਰੈਸ ਦੇ ਸੰਬੰਧ ਵਿੱਚ ਮੈਂ ਉਪੱਰ ਵਰਨਣ ਕਰ ਚੁੱਕਿਆ ਹਾਂ । ਫਿਰ ਇਸ ਸਾਲ ਐਮ ਟੀ ਏ ਦੀ ਲਾਈਵ ਸਟ੍ਰੀਮਿੰਗ ਰਾਹੀਂ ਵੀ ਇੰਟਰਨੈਟ ਉਪੱਰ ਦੇਖਣ ਵਾਲਿਆ ਦੀ ਗਿਣਤੀ ਜਲਸੇ ਦੇ ਅੰਤਲੇ ਦਿਨ ਤਿੰਨ ਲੱਖ ਤੀਹ ਹਜ਼ਾਰ ਸੀ । ਅਤੇ ਬਾਕੀ ਦਿਨਾ ਵਿੱਚ ਵੀ ਬੀਤੇ ਸਾਲਾਂ ਦੀ ਤੁਲਨਾ ਵਿੱਚ ਕਈ ਹਜ਼ਾਰ ਗਿਣਤੀ ਅਧਿਕ ਸੀ । ਅਤੇ ਐਮ ਟੀ ਏ ਉਪੱਰ ਜੋ ਦੇਖਦੇ ਹਨ ਉਹ ਇਸ ਤੋਂ ਵੱਖਰੇ ਹਨ ।

ਸੋ, ਇਹ ਲੋਕਾਂ ਦੇ ਵਿਚਾਰ ਵੀ ਸੁਣੇ ਅਤੇ ਕਵਰੈਜ ਦਾ ਹਾਲ ਵੀ ਸੁਣਿਆ, ਪਰ ਸਾਨੂੰ ਇਹ ਸਦਾ ਚੇਤੇ ਰੱਖਣਾ ਚਾਹੀਦਾ ਹੈ ਕਿ ਇਹ ਗੱਲਾਂ ਸਾਡੇ ਕਦਮ ਅੱਗੇ ਵਧਾਉਣ ਲਈ ਹੋਰ ਉਤਸਾਹ ਤੇ ਜੋਸ਼ ਪੈਦਾ ਕਰਨ ਵਾਲੇ ਹੋਣੇ ਚਾਹੀਦੇ ਹਨ ਨ ਕਿ ਇਸ ਗੱਲ'ਤੇ ਖ਼ੁਸ਼ ਹੋਕੇ ਬੈਠ ਜਾਈਏ ਕਿ ਬਹੁਤ ਕੁਝ ਪ੍ਰਾਪਤ ਕਰ ਲਿਆ ਹੈ । ਤਰੱਕੀ ਕਰਨ ਵਾਲੀਆਂ ਕੌਮਾ ਵੱਧ ਤੋਂ ਵੱਧ ਦੀ ਭਾਲ ਵਿੱਚ ਲੱਗੀਆਂ ਰਹਿੰਦੀਆਂ ਹਨ । ਸਾਨੂੰ ਪਤਾ ਹੈ ਕਿ ਅਤੇ ਇਸ ਪਾਸੇ ਦ੍ਰਿਸ਼ਟੀ ਰੱਖਣੀ ਚਾਹੀਦੀ ਹੈ ਕਿ ਕਈ ਸਾਡੀਆਂ ਕਮਜੋਰੀਆਂ ਵੀ ਹਨ । ਵੱਡੇ ਪਧੱਰ'ਤੇ ਪ੍ਰਬੰਧ ਕਰਨ ਵਿੱਚ ਵੀ ਕਮਜ਼ੋਰੀਆਂ ਹੋ ਜਾਂਦੀਆਂ ਹਨ ਅਤੇ ਕੁਝ ਕਮੀਆਂ ਰਹਿ ਜਾਂਦੀਆਂ ਹਨ ਇਹ ਕੋਈ ਅਜਿਹੀ ਗੱਲ ਨਹੀਂ, ਪਰ ਇਹਨਾਂ ਨੂੰ ਦੂਰ ਕਰਨ ਲਈ ਜਤਨ ਕਰਦੇ ਰਹਿਣਾ ਚਾਹੀਦਾ ਹੈ । ਇਹਨਾ ਸਾਰੀਆਂ ਕਮਜ਼ੋਰੀਆਂ ਨੂੰ ਨੋਟ ਕਰਕੇ ਪ੍ਰਬੰਧਕਾਂ ਨੂੰ ਚਾਹੀਦਾ ਹੈ ਕਿ ਅਗਲੇ ਸਾਲ ਇਹਨਾਂ ਦਾ ਹਲ ਕਢੱਣ ਅਤੇ ਇਹ ਕਮਜ਼ੋਰੀਆਂ ਕੇਵਲ ਵਰਕਰਾਂ ਕਰਕੇ ਨਹੀਂ ਹੁੰਦੀਆਂ ਸਗੋਂ ਕਈ ਸ਼ਾਮਲ ਹੋਣ ਵਾਲੇ ਲੋਕ ਜ਼ਿੱਦੀ ਹੁੰਦੇ ਹਨ, ਉਹਨਾ ਦੇ ਜੋ ਰਵਈਏ ਹੁੰਦੇ ਹਨ ਉਹ ਵੀ ਕਈ ਵਾਰ ਅਜਿਹੀ ਅਵਸਥਾ ਪੈਦਾ ਕਰ ਦਿੰਦੇ ਹਨ । ਇਸ ਲਈ ਉਹਨਾਂ ਲਈ ਵੀ ਪ੍ਰਬੰਧ ਹੋਣਾ ਚਾਹੀਦਾ ਹੈ, ਉਹਨਾਂ ਨੂੰ ਵੀ ਸੁਧਾਰ ਕਰਕੇ ਆਉਂਣਾ ਚਾਹੀਦਾ ਹੈ । ਆਮ ਕਰਕੇ ਮੇਨ ਮਾਰਕੀ ਵਿੱਚ ਬੱਚਿਆਂ ਦੀ, ਉਧਾਰਨ ਲਈ ਮੈਂਨੂੰ ਇਕ ਗੱਲ ਪਹੁੰਚੀ ਕਿ ਇਸਤਰੀਆਂ ਵੱਲੋਂ ਮੇਨ ਮਾਰਕੀ ਵਿੱਚ ਇਕ ਇਸਤਰੀ ਆਪਣੇ ਬੱਚੇ ਨੂੰ ਲੈਕੇ ਬੈਠੀ ਸੀ । ਉਸ ਨੂੰ ਸਵੈ ਸੇਵਿਕਾ ਨੇ ਕਹਿ ਦਿਤੱਾ ਕਿ ਇੱਥੇ ਬੱਚਿਆਂ ਦੇ ਬੈਠਣ ਥਾਂ ਨਹੀਂ ਹੈ ਤਾਂ ਉਸਨੇ ਕਿਹਾ ਠੀਕ ਹੈ ਮੈਂਨੂੰ ਪਤਾ ਨਹੀਂ ਸੀ, ਚਲੀ ਜਾਂਦੀ ਹਾਂ । ਮਗਰੋਂ ਉਸ ਸਵੈ ਸੇਵਿਕਾ ਨੂੰ ਪਤਾ ਲੱਗਾ ਕਿ ਜੋ ਇਸਤਰੀ ਬੱਚੇ ਨੂੰ ਲੈਕੇ ਬੈਠੀ ਸੀ, ਇਹ ਅਹਮਦੀ ਨਹੀਂ ਹੈ । ਉਸਨੇ ਜਾਕੇ ਉਸਤੋਂ ਖਿਮਾ ਜਾਚਨਾ ਕੀਤੀ ਕਿ ਆਪ ਦਾ ਬੱਚਾ ਸ਼ੋਰ ਨਹੀਂ ਕਰ ਰਿਹਾ ਤਾਂ ਠੀਕ ਹੈ ਆਪ ਬੇਸ਼ਕ ਬੈਠੇ ਰਹੋ ਪਰ ਨਾਲ ਬੈਠੀ ਹੋਈ ਇਕ ਅਹਮਦੀ ਇਸਤਰੀ ਨੇ ਉਸ ਨਾਲ ਬਹਿਸਣਾ ਸ਼ੁਰੂ ਕਰ ਦਿੱਤਾ । ਸਾਨੂੰ ਕਸ਼ਟ ਨਹੀਂ ਤਾਂ ਤੁਹਾਨੂੰ ਕੀ ਕਸ਼ਟ ਹੈ ਅਤੇ ਭਾਂਤ ਭਾਂਤ ਦੀਆਂ ਗਲੱਾਂ । ਸ਼ੁਕਰ ਇਸ ਗੱਲ ਦਾ ਹੈ ਕਿ ਸਵੈ ਸੇਵਿਕਾ ਨੂੰ ਅਕਲ ਆ ਗਈ ਕਿ ਉਸ ਨੇ ਗੱਲ ਨੂੰ ਅੱਗੇ ਨਹੀਂ ਵਧਾਇਆ ਅਤੇ ਚੁੱਪ ਕਰਕੇ ਓਥੋਂ ਚਲੀ ਗਈ ਪਰ ਫਿਰ ਉਹ ਇਸਤਰੀ ਪੁਛੱਣ ਲੱਗੀ ਕਿ ਕੀ ਇਹ ਹਦੀਸ ਹੈ ਕਿ ਜ਼ਰੂਰ ਏਥੇ ਨਹੀਂ ਬਹਿਣਾ । ਇਸ ਪ੍ਰਕਾਰ ਦੀਆਂ ਜੋ ਜਿਦੱਲ ਇਸਤਰੀਆਂ ਹੁੰਦੀਆਂ ਹਨ ਵਿਸੇਸ਼ ਰੂਪ ਵਿੱਚ ਇਸਤਰੀਆਂ ਵਿੱਚ ਬਹੁਤੀਆਂ ਹੁੰਦੀਆ ਹਨ ਕਈ ਵਾਰ ਪੁਰਸ਼ਾਂ ਵਿੱਚ ਵੀ, ਉਹਨਾਂ ਨੂੰ ਆਪਣੇ ਰਵਈਏ ਬਦਲਣ ਦੀ ਲੋੜ ਹੈ । ਇਹ

ਜੋ ਐਨ੍ਹੇ ਚੰਗੇ ਪ੍ਰਭਾਵ ਲੋਕਾਂ'ਤੇ ਪੈ ਰਹੇ ਹਨ ਜਿਨ੍ਹਾ ਨੂੰ ਲੋਕਾਂ ਨੇ ਦੇਖਿਆ । ਇਹ ਤਾਂ ਸ਼ੁਕਰ ਹੈ ਕਿ ਇਸ ਅਵਸਥਾ ਵਿੱਚ ਕਿਸੇ ਨੇ ਘੱਟੋ ਘੱਟ ਉਹਨਾਂ ਲੋਕਾਂ ਨੇ, ਜੋ ਓਥੇ ਮੌਜੂਦ ਨਹੀਂ ਸਨ, ਨੋਟ ਨਹੀਂ ਕੀਤਾ । ਬਾਕੀ ਰਿਹਾ ਇਹ ਕਿ ਜਿੱਥੋਂ ਤੱਕ ਇਹ ਪ੍ਰਸ਼ਨ ਕਿ ਕੀ ਇਹ ਹਦੀਸ ਹੈ ? ਇਹ ਹਦੀਸ ਵੀ ਹੈ ਅਤੇ ਕੁਰਆਨ ਵੀ ਹੈ ਕਿ ਜੋ ਹਿਦਾਇਤ ਦਿੱਤੀ ਜਾਵੇ ਚਾਹੇ ਕਿਸੇ ਵੱਲੋਂ ਹੋਵੇ, ਆਗਿਆਕਾਰੀ ਕਰੋ । ਅਮੀਰ (ਨਿਯੰਤਰਕ) ਦੀ ਆਗਿਆਕਾਰੀ ਦਾ ਹੁਕਮ ਹੈ ਸਗੋਂ ਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਲੱਮ ਨੇ ਫ਼ਰਮਾਇਆ ਕਿ ਮੁਨੱਕੇ ਦੇ ਸਿਰ ਜਿੰਨ੍ਹਾ ਵੀ ਤੁਹਾਡਾ ਅਮੀਰ (ਨਿਯੰਤਰਕ) ਨਿਰਧਾਰਤ ਕੀਤਾ ਜਾਵੇ ਤਾਂ ਉਸਦੀ ਆਗਿਆਕਾਰੀ ਕਰੋ ।

ਸੋ, ਨਿੱਕੀਆਂ ਨਿੱਕੀਆਂ ਗੱਲਾਂ'ਤੇ ਇਸ ਪ੍ਰਕਾਰ ਦੇ ਬਾਗ਼ੀ ਰਵਈਏ ਨ ਦਿਖਾਇਆ ਕਰੋ ਕਿ ਹਦੀਸ ਹੈ ਜਾਂ ਹਦੀਸ ਨਹੀਂ । ਹਦੀਸ ਇਹੋ ਹੈ ਕਿ ਆਗਿਆਕਾਰੀ ਕਰੋ ਅਤੇ ਉਸਦੀ ਪਾਬੰਦੀ ਕਰੋ, ਹਰ ਇਕ ਲਈ ਜ਼ਰੂਰੀ ਹੈ । ਜੋ ਆਪਣੇ ਆਪ ਨੂੰ ਅਹਮਦੀ ਕਹਿੰਦਾ ਹੈ । ਉਹਨਾ ਸਵੈ ਸੇਵਕਾਂ ਤੇ ਸਵੈ ਸੇਵਿਕਾਵਾਂ ਲਈ ਵੀ ਇਹ ਹਿਦਾਇਤ ਹੈ ਕਿ ਭਵਿੱਖ ਲਈ ਇਹ ਨੋਟ ਕਰ ਲੈਣ ਕਿ ਜੇਕਰ ਕੋਈ ਅਜਿਹਾ ਰਵਈਆ ਦਿਖਾਉਂਦਾ ਹੈ ਤਾਂ ਆਪਣੇ ਅਫ਼ਸਰ ਜਾਂ ਜੋ ਉਪੱਰ ਪ੍ਰਬੰਧਕ ਹਨ ਉਹਨਾਂ ਨੂੰ ਦਸੱਣ ਅਤੇ ਉਹ ਉਸ ਦਾ ਜੋ ਮਹੱਤਵਪੂਰਨ ਕਾਰਡ ਹੈ ਉਸ ਨੂੰ ਕੈਂਸਲ ਕਰ ਦੇਣ ਅਤੇ ਉਸਨੂੰ ਜਲਸੇ ਵਿੱਚ ਭਾਗ ਲੈਣ ਦੀ ਆਗਿਆ ਨਹੀਂ ਹੋਵੇਗੀ । ਸਾਨੂੰ ਜਮਾਤ ਅਹਮਦੀਆ ਨੂੰ ਅਜਿਹੇ ਬਾਗ਼ੀ ਰਵਈਏ ਰੱਖਣ ਵਾਲੇ ਲੋਕਾਂ ਦੀ ਲੋੜ ਨਹੀਂ ਹੈ ।

ਬਹਿਰਹਾਲ ਅਲੱਾਹ ਤਆਲਾ ਦੀ ਅਪਾਰ ਕ੍ਰਿਪਾ ਨਾਲ ਸਮੂਹਿਕ ਰੂਪ ਵਿੱਚ ਜਲਸਾ ਚੰਗਾ ਲੰਘਿਆ । ਮਹਿਮਾਨਾ ਨੇ ਚੰਗਾ ਪ੍ਰਭਾਵ ਲਿਆ । ਮੈਂ ਕਿਹਾ ਭਾਸ਼ਣ ਦੇਣ ਵਾਲਿਆ ਦੇ ਭਾਸ਼ਣ ਵੀ ਚੰਗੇ ਸਨ । ਅਲੱਾਹ ਤਆਲਾ ਇਹਨਾ ਨੇਕ ਪ੍ਰਭਾਵਾਂ ਨੂੰ ਸਦਾ ਕਾਇਮ ਰੱਖੇ ਅਤੇ ਆਪਣੇ ਜੀਵਨ ਦਾ ਅੰਗ ਬਨਾਉਣ ਦੀ ਤੌਫ਼ੀਕ ਪ੍ਰਦਾਨ ਕਰੇ । ਜਿਵੇਂ ਮਹਿਮਾਨਾਂ ਨੇ ਸਾਰਿਆਂ ਵਰਕਰਾਂ ਦਾ ਧੰਨਵਾਦ ਕੀਤਾ ਹੈ ਮੈਂ ਵੀ ਸਾਰਿਆਂ ਵਰਕਰਾਂ ਦਾ ਧੰਨਵਾਦ ਕਰਦਾ ਹਾਂ ਸਵੈ ਸੇਵਿਕਾਵਾਂ ਦਾ ਵੀ ਧੰਨਵਾਦ ਕਰਦਾ ਹਾਂ । ਅਲੱਾਹ ਤਆਲਾ ਉਹਨਾਂ ਨੂੰ ਇਸ ਦਾ ਪ੍ਰਤੀਫ਼ਲ ਦੇਵੇ ਅਤੇ ਉਹਨਾਂ ਦੀ ਇਹ ਸੇਵਾ ਪਰਵਾਨ ਕਰੇ । ਉਹਨਾਂ ਨੂੰ ਪਹਿਲਾਂ ਤੋਂ ਵੱਧ ਭਵਿੱਖ ਵਿੱਚ ਸੇਵਾ ਕਰਨ ਦੀ ਤੌਫ਼ੀਕ ਪ੍ਰਦਾਨ ਕਰੇ ਅਤੇ ਕੇਵਲ ਦਿਖਾਵੇ ਦੀ ਸੇਵਾ ਨ ਹੋਵੇ ਸਗੋਂ ਇਸਲਾਮ ਦੀ ਸਿੱਖਿਆ ਦੀ ਸੱਚੀ ਰੂਹ ਵੀ ਉਹਨਾਂ ਵਿੱਚ ਪੈਦਾ ਕਰੇ ਅਤੇ ਉਹਨਾਂ ਸਾਰਿਆਂ ਸ਼ਾਮਲ ਹੋਣ ਵਾਲਿਆਂ ਨੂੰ ਵੀ ਅਤੇ ਉਹਨਾਂ ਦੀ ਸੇਵਾ ਕਰਨ ਵਾਲਿਆਂ ਨੂੰ ਵੀ ਹਕੀਕੀ ਤੇ ਸਚੱਾ ਅਹਮਦੀ ਬਣਾਏ । ਆਮੀਨ।

ਖ਼ੁਤਬਾ ਸਾਨੀਆ

**Friaday sermon by : Hadhrat Khalifatul Masih khamis (atba)**
At Masjid Baitul Futuh, LONDON 05.09.2014
Summarized by : Nazarat Nashro Ishaat Qadian
Translated by : Shamshad Ahmad Eden for Punjabi Desk
Published By : Nazarat Nashro Ishaat, Qadian-143516